ਸਥਾਪਤ 1903

ੴ ਸਤਿਗੁਰ ਪ੍ਰਸਾਦਿ ॥

ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਤੀਨਿਧ ਪੱਤਰ

ਖ਼ਾਲਸਾ ਐਡਵੋਕੇਟ

ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ

ਜਿਲਦ : 118 | ਅੰਕ : 110 | ਅਕਤੂਬਰ 2022 | ਭੇਟਾ - 10/- ਰੁਪੈ

# ਸਥਾਨਕ ਕਮੇਟੀ ਲੁਧਿਆਣਾ ਵਲੋਂ ਦੀਵਾਨ ਦੇ ਪ੍ਰਬੰਧਕਾਂ ਦਾ ਭਰਵਾਂ ਸੁਆਗਤ

## -ਦੀਵਾਨ ਸਿੱਖੀ ਸਿੱਖਿਆ ਦੇ ਮਿਆਰ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਵਚਨਬੱਧ- ਡਾ.ਨਿੱਜਰ

## -ਡਾ.ਨਿੱਜਰ ਦੀ ਸਖ਼ਸ਼ੀਅਤ ਸਾਥੀਆਂ ਨੂੰ ਪਿਆਰ ਦੇਣ ਤੇ ਸਹਿਯੋਗ ਲੈਣ ਦੇ ਗੁਣਾਂ ਨਾਲ ਭਰਪੂਰ ਹੈ- ਸ੍ਰ.ਵਿਕਰਾਂਤ



ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਕੈਬਨਿਟ ਮੰਤਰੀ ਪੰਜਾਬ ਸਰਕਾਰ ਦਾ ਦੀਵਾਨ ਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਡੁਗਰੀ ਰੋਡ, ਲੁਧਿਆਣਾ ਪੁਜਣ ਤੇ ਸਥਾਨਕ ਕਮੇਟੀ ਦੇ ਪ੍ਰਧਾਨ ਸ੍ਰ.ਅਮਰਜੀਤ ਸਿੰਘ ਵਿਕਰਾਂਤ ਜੋ ਦੀਵਾਨ ਦੇ ਸੀਨੀਅਰ ਮੀਤ ਪ੍ਰਧਾਨ ਵੀ ਹਨ ਦੀ ਅਗਵਾਈ ਹੇਠ ਕਮੇਟੀ ਦੇ ਸਮੂਹ ਅਹੁਦੇਦਾਰਾਂ ਐਗਜ਼ਕਟਿਵ ਕਮੇਟੀ ਸਮੇਤ ਸਮੂਹ ਮੈਂਬਰਾਂ ਵੱਲੋਂ ਡਾ.ਨਿੱਜਰ ਦੇ ਨਾਲ ਦੀਵਾਨ ਦੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਐਡੀਸ਼ਨਲ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ ਅਤੇ ਦੀਵਾਨ ਦੇ ਮੁੱਖ ਦਫ਼ਤਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਸਮੇਤ ਹਾਰ ਪਾ ਕੇ, ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਖਾਲਸਈ ਜੈਕਾਰਿਆਂ ਦੀ ਗੂੰਜ਼ ਨਾਲ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ ਏਸੇ ਸਕੂਲ ਦੀ ਹੋਣਹਾਰ ਅਧਿਆਪਕਾ ਬੀਬਾ ਸਰਬਜੀਤ ਕੌਰ ਜੋ ਆਪ ਪਾਰਟੀ ਦੇ ਵਿਧਾਇਕ ਹਨ ਉਹ ਵਿਸ਼ੇਸ਼ ਤੌਰ ਤੇ ਇਸ ਸਮਾਗਮ ਵਿਚ ਪੁਜੇ ਜਿਨ੍ਹਾਂ ਦਾ ਡਾ.ਨਿੱਜਰ ਸਮੇਤ ਸਾਰਿਆਂ ਨੇ ਸੁਆਗਤ ਕੀਤਾ।

ਸਕੂਲ ਦੇ ਗੁਰਦੁਆਰਾ ਸਾਹਿਬ ਦੇ ਫੁਲਾਂ ਨਾਲ ਸਜਾਏ ਗਏ ਹਾਲ ਵਿਚ ਇਕ ਵਿਸ਼ੇਸ਼ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਜਾਇਆ। ਸਮਾਗਮ ਦੀ ਆਰੰਭਤਾ ਅਰਦਾਸ ਕਰਨ ਉਪਰੰਤ ਰਾਗੀ ਸਿੰਘਾਂ, ਸਕੂਲ ਦੇ ਬੱਚਿਆਂ ਦੇ ਸ਼ਬਦ-ਕੀਰਤਨ ਨਾਲ ਹੋਈ ਜਿਨ੍ਹਾਂ ਨੇ ਇਕ ਵਖਰਾ ਰੂਹਾਨੀ ਵਾਤਾਵਰਣ ਸਿਰਜ ਦਿੱਤਾ। ਵਿਦਿਅਕ ਖੇਤਰ ਦੇ ਵਿਦਿਆ ਸ਼ਾਸਤਰੀ ਤੇ ਪ੍ਰਸਿੱਧ ਵਿਦਵਾਨ ਡਾ.ਅਮਰਜੀਤ ਸਿੰਘ ਦੂਆ ਨੇ ਸਟੇਜ਼ ਸਕੱਤਰ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਦੀਵਾਨ ਦੇ ਪ੍ਰਧਾਨ ਡਾ.ਨਿੱਜਰ ਅਤੇ ਉਨ੍ਹਾਂ ਨਾਲ ਆਏ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਐਡੀਸ਼ਨਲ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ ਅਤੇ ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਡਾ.ਨਿੱਜਰ ਜੀ ਨੂੰ ਡਾਕਟਰੀ ਪੇਸ਼ੇ ਵਿਚ ਪਹਿਲਾਂ ਪੰਜਾਬ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਹੋਣ ਦੀ ਪ੍ਰਾਪਤ ਪ੍ਰਸਿਧੀ, ਫਿਰ ਦੀਵਾਨ ਦੇ ਸੀਨੀਅਰ ਮੀਤ ਪ੍ਰਧਾਨ, ਵਿਧਾਇਕ ਬਣਨ ਉਪਰੰਤ ਸਿੱਖ ਕੌਮ ਦੀ ਮਾਣਮਤੀ ਪ੍ਰਾਚੀਨ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਧਾਨ ਬਣਨਾ ਅਤੇ ਬਹੁਤ ਸਤਿਕਾਰ ਸਹਿਤ ਪੰਜਾਬ ਦੇ ਕੈਬਨਿਟ ਮੰਤਰੀ ਬਣਨਾ ਇਹ ਸਭ ਪ੍ਰਾਪਤੀਆਂ ਪਰਿਵਾਰਕ ਪਿਛੋਕੜ ਦਾ ਬਾਣੀ ਬਾਣੇ ਨਾਲ ਜੁੜਨਾ, ਸੱਚਾ ਸੁੱਚਾ ਕਿਰਦਾਰ ਰੱਖਕੇ ਹਉਮੈ ਰਹਿਤ ਜੀਵਨ-ਸ਼ੈਲੀ ਨਾਲ ਸਭ ਨੂੰ ਪਿਆਰ ਨਾਲ ਮਿਲਣਾ, ਦਿਆਲੂ ਸੁਭਾਅ ਰਖਦਿਆਂ ਲੋੜਵੰਦਾਂ ਦੀ ਸਹਾਇਤਾ ਕਰਨੀ ਅਤੇ ਸਭ ਨੂੰ ਨਾਲ ਲੈ ਕੇ ਚਲਣ ਕਾਰਨ























ਅਕਾਲ ਪੁਰਖ ਦੀ ਮਿਹਰ ਹੋਈ ਹੈ। ਸਕੂਲ ਦੀ ਸਥਾਨਕ ਕਮੇਟੀ ਦੇ ਪ੍ਰਧਾਨ ਸ੍ਰ.ਅਮਰਜੀਤ ਸਿੰਘ ਵਿਕਰਾਂਤ ਜੋ ਦੀਵਾਨ ਦੇ ਸੀਨੀਅਰ ਮੀਤ ਪ੍ਰਧਾਨ ਵੀ ਹਨ ਨੇ ਬੋਲਦਿਆਂ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਮੈਂਬਰ ਇੰਚਾਰਜ ਮੁੱਖ ਦਫ਼ਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਤੁਹਾਡਾ ਸਭ ਦਾ ਇਥੇ ਆਉਣ ਤੇ ਸਾਨੂੰ ਬਹੁਤ ਮਾਣ ਮਹਿਸੂਸ ਹੋਇਆ ਹੈ। ਸ੍ਰ.ਵਿਕਰਾਂਤ ਨੇ ਕਿਹਾ ਕਿ ਚੰਗੇ ਇਨਸਾਨ ਦੀ ਸ਼ਖਸ਼ੀਅਤ ਚੰਗੇ ਵਿਵਹਾਰ ਤੋ ਉਭਰ ਕੇ ਸਾਹਮਣੇ ਆਉਦੀ ਹੈ। ਡਾ.ਇੰਦਰਬੀਰ ਸਿੰਘ ਨਿੱਜਰ ਦਾ ਵਿਵਹਾਰ ਲੋਕਾਂ ਪ੍ਰਤੀ ਦਿਆਲਤਾ ਅਤੇ ਸਹਿਯੋਗ ਦੇ ਨਾਲ-ਨਾਲ ਪਿਆਰ ਨਾਲ ਪੇਸ਼ ਆਉਣ ਦੇ ਗੁਣਾਂ ਨਾਲ ਭਰਪੂਰ ਹੈ। ਡਾ.ਨਿੱਜਰ ਜੋ ਗੁਰਬਾਣੀ ਦੇ ਸਿਧਾਂਤਾ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਹਨ ਉਹ ਕੈਬਨਿਟ ਮੰਤਰੀ ਹੋਣ ਦੇ ਬਾਵਜੂਦ ਚੀਫ਼ ਖ਼ਾਲਸਾ ਦੀਵਾਨ ਅਤੇ ਦੀਵਾਨ ਦੇ ਵਿਦਿਅਕ ਅਦਾਰਿਆਂ ਪ੍ਰਤੀ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾ ਰਹੇ ਹਨ। ਸ੍ਰ.ਵਿਕਰਾਂਤ ਨੇ ਕਿਹਾ ਕਿ ਸਾਡੇ ਲਈ ਹੋਰ ਬੜੀ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਸਾਡੇ ਸਮਾਗਮ ਵਿਚ ਆਏ ਸਾਡੇ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਪਰਿਵਾਰ ਦੇ ਇਕ ਮੈਂਬਰ ਬੀਬੀ ਸਰਬਜੀਤ ਕੌਰ ਮਾਣੂਕੇ ਜਿੰਨਾਂ ਨੇ ਸਕੂਲ ਵਿਚ ਬਤੌਰ ਅਧਿਆਪਕ 20 ਸਾਲ ਸੇਵਾ ਕੀਤੀ ਹੈ ਅਤੇ ਹੁਣ ਉਹ ਆਪ ਪਾਰਟੀ ਦੇ ਵਿਧਾਇਕ ਹਨ ਅਸੀਂ ਉਹਨਾਂ ਦਾ ਵੀ ਹਾਰਦਿਕ ਸੁਆਗਤ ਕਰਦੇ ਹਾਂ। ਇਸ ਸਮੇਂ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਨਿੱਜਰ ਨੇ ਕਿਹਾ ਕਿ ਸਿੱਖੀ-ਸਿੱਖਿਆ ਦਾ ਪ੍ਰਚਾਰ ਅਤੇ ਪ੍ਰਸਾਰ ਅਜੋਕੀ ਵਿਗਿਆਨਕ ਢੰਗ ਪ੍ਰਣਾਲੀ ਨਾਲ ਕਰਨਾ ਸਮੇਂ ਦੀ ਲੋੜ ਹੈ ਤਾਂ ਹੀ ਅਸੀ ਵਿਸ਼ਵ ਪੱਧਰੀ ਉੱਚ ਵਿਦਿਆ ਦੇ ਮਿਆਰ ਤੱਕ ਪੁੱਜ ਸਕਦੇ ਹਾਂ। ਡਾ.ਨਿੱਜਰ ਨੇ ਦੀਵਾਨ ਦੇ ਸਕੂਲਾਂ ਦੀਆਂ ਸਥਾਨਕ ਕਮੇਟੀਆਂ ਨੂੰ ਰਿਆਇਤਾਂ ਅਤੇ ਲੋੜੀਂਦੀਆਂ ਸਹੂਲਤਾਂ ਦੇਣ ਦੀ ਆਪਣੀ ਵੱਚਣਬੱਧਤਾ ਨੂੰ ਦੁਹਾਰਾਇਆ। ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ ਨੇ ਆਯੋਜਿਤ ਕੀਤੇ ਗਏ ਇਸ ਸਨਮਾਨ ਸਮਾਰੋਹ ਦੀ ਸ਼ਲਾਘਾ ਕਰਦਿਆਂ ਸ੍ਰ.ਅਮਰਜੀਤ ਸਿੰਘ ਵਿਕਰਾਂਤ ਅਤੇ ਸਥਾਨਕ ਕਮੇਟੀ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਦੀਵਾਨ ਦੇ ਮੋਢੀ ਭਾਈ ਵੀਰ ਸਿੰਘ ਵਾਂਗ ਸਮਰਪਿਤ ਹੋ ਕੇ ਸਿੱਖੀ-ਸਿੱਖਿਆ ਦਾ ਪ੍ਰਚਾਰ ਕਰਨ ਦੀ ਲੋੜ ਹੈ ਤਾਂ ਜੋ ਦਿਨੋ ਦਿਨ ਵੱਧ ਰਹੀ ਨਸ਼ਾਖੋਰੀ, ਪਤਿਤਪੁਣੇ ਦੇ ਗ੍ਰਾਫ ਨੂੰ ਰੋਕਿਆ ਜਾ ਸਕੇ।



# ਸੰਪਾਦਕੀ

## ਤਖਤਿ ਬਹੈ ਤਖਤੈ ਕੀ ਲਾਇਕ

ਵਿਸ਼ਵ ਦੇ ਹਰ ਖੇਤਰ ਵਿਚ ਕੋਈ ਪਦਵੀਂ ਜਾਂ ਸਥਾਨ ਪ੍ਰਾਪਤ ਕਰਨ ਲਈ ਲੋੜੀਂਦੀ ਵਿਦਿਅਕ ਯੋਗਤਾ ਨਿਰਧਾਰਿਤ ਹੈ ਪਰ ਸਿਆਸਤ ਅਤੇ ਧਰਮ ਅਜਿਹੇ ਖੇਤਰ ਹਨ ਜਿਸਦਾ ਵਿਧੀ-ਵਿਧਾਨ ਨਿਆਰਾ ਹੈ। ਨਾਨਕ ਜੋਤਿ ਸਰੂਪ ਸਿੱਖ ਧਰਮ ਦੇ ਚੌਥੇ ਵਾਰਸ ਸ੍ਰੀ ਗੁਰੂ ਰਾਮਦਾਸ ਜੀ ਦਾ 488ਵਾਂ ਪ੍ਰਕਾਸ਼ ਪੁਰਬ ਵਿਸ਼ਵ ਭਰ ਦੀਆਂ ਸੰਗਤਾਂ ਨੇ ਸਤਿਕਾਰ ਸਹਿਤ ਸ਼ਰਧਾ ਭਾਵਨਾਂ ਨਾਲ ਮਨਾਇਆ ਹੈ। ਹਰ ਖੇਤਰ ਨਾਲ ਜੁੜੇ ਮਾਨਵ ਲਈ ਅਚੰਭਤ ਹੋਣਾ ਸੁਭਾਵਕ ਹੈ ਕਿ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸਪੁੱਤਰਾਂ ਤੇ ਵਡੇ ਦਾਮਾਦ ਭਾਈ ਰਾਮਾ ਜੀ ਨੂੰ ਦਰ ਕਿਨਾਰ ਕਰਦਿਆਂ ਇਕ ਯਤੀਮ ਭਾਈ ਜੇਠਾ ਜੀ ਨੂੰ ਪਹਿਲਾਂ ਆਪਣਾ ਛੋਟਾ ਦਾਮਾਦ ਬਣਾਇਆ ਅਤੇ ਫਿਰ ਗੁਰਤਾਗੱਦੀ ਬਖਸ਼ਦਿਆਂ ਭਾਈ ਜੇਠਾ ਜੀ ਤੇ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ।

ਦਰਅਸਲ ਗੁਰੂ ਨਾਨਕ ਪਾਤਸ਼ਾਹ ਨੇ ਸਮਕਾਲ ਦੀਆ ਪਰਸਥਿਤੀਆਂ ਨੂੰ ਡੂੰਘਾਈ ਨਾਲ ਸਮਝਦਿਆਂ ਇਸ ਤੱਥ ਨੂੰ ਸਮਝ ਲਿਆ ਸੀ ਕਿ ਮਾਨਵ-ਜੀਵਨ ਨਾਲ ਜੁੜਿਆ ਮੁੱਖ ਮਸਲਾ ਕੁਲੀ, ਗੁਲੀ, ਜੁਲੀ ਦਾ ਹੈ ਜਿਸ ਦਾ ਸਮਾਧਾਨ ਉਨ੍ਹਾਂ ਨੇ **ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ** ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਆਪਣੀ ਜੀਵਨ-ਸ਼ੈਲੀ ਰਾਂਹੀ ਪ੍ਰਚਲਤ ਕੀਤਾ। ਉੱਚ-ਪੱਦਵੀ ਲਈ ਉਨ੍ਹਾਂ ਨੇ ਨਿਸ਼ਕਾਮ ਸੇਵਾ ਸਿਮਰਨ ਦੇ ਗੁਣਤੰਤਰ ਦੀ ਯੋਗਤਾ ਨਿਰਧਾਰਤ ਕੀਤੀ। ਏਸੇ ਪਰੱਖ ਕਸਵੱਟੀ ਤੇ ਖਰਾ ਉਤਰਨ ਵਾਲੇ ਭਾਈ ਲਹਿਣਾ ਜੀ ਨੇ ਅੰਗਦ, ਭਾਈ ਅਮਰੂ ਨੇ ਅਮਰਦਾਸ ਅਤੇ ਹੁਣ ਭਾਈ ਜੇਠਾ ਜੀ ਨੇ ਰਾਮਦਾਸ ਦਾ ਸੁਭਾਗਾ ਨਾਮ ਪ੍ਰਾਪਤ ਕੀਤਾ। ਆਪਣੇ ਗੁਰੂਆਂ ਦੀ ਹਜ਼ੂਰੀ ਵਿਚ ਆਪਾ ਵਾਰੂ ਨਿਰਮਾਣ ਤੇ ਅਣਥੱਕ ਸੇਵਾ ਘਾਲਣਾ ਘਾਲਕੇ ਗੁਣਤੰਤਰ ਦੀ ਯੋਗਤਾ ਪ੍ਰਾਪਤ ਕਰਕੇ ਗੁਰੂ ਦੇ ਇਹ ਸਿੱਖ ਗੁਰੂ-ਪੱਦ ਨੂੰ ਪ੍ਰਾਪਤ ਕਰ ਗਏ।

ਏਸੇ ਭਾਵਨਾ ਅਨੁਸਾਰ ਗੁਰੂ ਰਾਮਦਾਸ ਜੀ ਨੇ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਦਾ ਨਿਰਮਾਣ ਕਰਦਿਆਂ ਜਿਥੇ ਇਸ ਨੂੰ ਸਿੱਖੀ ਪ੍ਰਚਾਰ ਦਾ ਕੇਂਦਰ ਸਥਾਪਤ ਕਰਨ ਦਾ ਆਦਰਸ਼ ਸਨਮੁੱਖ ਰਖਿਆ ਓਥੇ ਮਨੁਖੱਤਾ ਦੀ ਬੁਨਿਆਦੀ ਲੋੜ ਕੁਲੀ, ਗੁਲੀ, ਜੁਲੀ ਲਈ ਵੱਖ-ਵੱਖ ਕਿਤਿਆਂ ਦੇ ਮਹਾਰ ਕਾਰੀਗਰਾਂ ਦਾ ਵਸੇਬਾ ਅਤੇ ਉਨ੍ਹਾਂ ਦੀ ਆਪਣੇ ਕੰਮਾਂ ਲਈ ਹਰ ਪ੍ਰਕਾਰ ਦੀ ਲੋੜੀਂਦੀ ਮਦਦ ਕੀਤੀ। ਕੀਤਾ ਜਿਨ੍ਹਾਂ ਨੇ ਆਪ ਅਤੇ ਇਲਾਕੇ ਦੇ ਵਾਸੀਆਂ ਨੂੰ ਰੁਜ਼ਗਾਰ ਪ੍ਰਦਾਨ ਕੀਤਾ।

ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਦਾ ਚੌਥੀ ਪਾਤਸ਼ਾਹੀ ਦੇ ਪ੍ਰਕਾਸ਼ ਪੁਰਬ ਸਮੇਂ ਦਿੱਤਾ ਵਧਾਈ ਸੰਦੇਸ਼ ਕਿ ਸਾਨੂੰ ਗੁਰੂ ਰਾਮਦਾਸ ਜੀ ਦਾ ਰੁਜ਼ਗਾਰ ਤੇ ਕਿਤਾ-ਮੁਖੀ ਮਾਰਗ ਦਾ ਸਿਧਾਂਤ ਜੀਵਨ ਵਿਚ ਅਮਲੀ ਤੌਰ ਤੇ ਧਾਰਨ ਕਰਨ ਨਾਲ ਜਿਥੇ ਮਾਨਵ-ਜੀਵਨ ਨਾਲ ਜੁੜੀਆਂ ਬਹੁਤ ਸਾਰੀਆਂ ਸਮਸਿਆਵਾਂ ਦਾ ਸਮਾਧਾਨ ਕੀਤਾ ਜਾ ਸਕਦਾ ਹੈ ਓਥੇ ਸਰਬਤ ਦਾ ਭਲਾ ਮੰਗਣ ਵਾਲੀ ਗੁਰੂ ਸਾਹਿਬ ਦੀ ਇਹ ਜੀਵਨ-ਸ਼ੈਲੀ ਦੇ ਪਾਂਧੀ ਬਣਨਾ ਉਹਨਾਂ ਦੇ ਪ੍ਰਕਾਸ਼ ਪੁਰਬ ਨੂੰ ਮਨਾਉਣਾ ਸਾਰਥਿਕ ਕਦਮ ਹੈ।

**ਡਾ.ਜਸਬੀਰ ਸਿੰਘ ਸਾਬਰ**
ਮੁੱਖ ਸੰਪਾਦਕ

**ਸਰਪ੍ਰਸਤ:** ਡਾ ਇੰਦਰਬੀਰ ਸਿੰਘ ਨਿਜ਼ਰ
ਸ. ਰਾਜਮੋਹਿੰਦਰ ਸਿੰਘ ਮਜੀਠਾ

**ਸੰਪਾਦਕ :** ਡਾ. ਜਸਬੀਰ ਸਿੰਘ ਸਾਬਰ 9888460180
**ਸਹਿ. ਸੰਪਾਦਕ:** (ਖਬਰਨਾਮਾ) ਮਨਜੀਤ ਕੌਰ ਪੀ. ਆਰ. ਓ. 8872042060

**ਸਲਾਹਕਾਰ :**
ਸ੍ਰ.ਅਮਰਜੀਤ ਸਿੰਘ ਵਿਕਰਾਂਤ, ਸ੍ਰ.ਜਗਜੀਤ ਸਿੰਘ, ਸ੍ਰ.ਸੰਤੋਖ ਸਿੰਘ ਸੇਠੀ,
ਸ. ਸਵਿੰਦਰ ਸਿੰਘ ਕੱਥੂਨੰਗਲ, ਸ. ਅਜੀਤ ਸਿੰਘ ਬਸਰਾ, ਪ੍ਰੋ. ਵਰਿਆਮ ਸਿੰਘ, ਬੀਬੀ ਕਿਰਨਜੋਤ ਕੌਰ,
ਸ. ਭਗਵੰਤਪਾਲ ਸਿੰਘ ਸੱਚਰ, ਸ. ਸੁਖਜਿੰਦਰ ਸਿੰਘ ਪ੍ਰਿੰਸ, ਡਾ. ਧਰਮਵੀਰ ਸਿੰਘ।

*ਪ੍ਰਕਾਸ਼ਕ*
ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ
ਜੀ.ਟੀ. ਰੋਡ, ਅੰਮ੍ਰਿਤਸਰ - 143001
Ph.- 0183-2562253 • E-mail- ktsckd@gmail.com

ਪ੍ਰਿੰਟਰ: ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ
E-mail- printwellasr@gmail.com

## ਭਾਈ ਸਾਹਿਬ ਭਾਈ ਵੀਰ ਸਿੰਘ ਦੀ ਕਲਮ ਤੋਂ

### ਕੰਬਦੀ ਕਲਾਈ।

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ,
ਨਿਰਾ ਨੂਰ ਤੁਸੀਂ ਹੱਥ ਨ ਆਏ
ਸਾਡੀ ਕੰਬਦੀ ਰਹੀ ਕਲਾਈ
ਧਾ ਚਰਨਾਂ ਤੇ ਸੀਸ ਨਿਵਾਯਾ
ਸਾਡੇ ਮੱਥੇ ਛੋਹ ਨ ਪਾਈ
ਤੁਸੀਂ ਉੱਚੇ ਅਸੀਂ ਨੀਵੇਂ ਸਾਂ
ਸਾਡੀ ਪੇਸ਼ ਨ ਗਈਆ ਕਾਈ।
ਫਿਰ ਲੜ ਫੜਨੇ ਨੂੰ ਉਠ ਦੌੜੇ
ਪਰ ਲੜ ਓ ਬਿਜਲੀ-ਲਹਿਰਾ
ਉਡਦਾ ਜਾਂਦਾ ਪਰ ਉਹ ਅਪਣੀ
ਛੁਹ ਸਾਨੂੰ ਗਯਾ ਲਾਈ
ਮਿੱਟੀ ਚਮਕ ਪਈ ਇਹ ਮੋਈ
ਤੇ ਤੁਸੀਂ ਲੂਆਂ ਵਿਚ ਲਿਸ਼ਕੇ
ਬਿਜਲੀ ਕੂੰਦ ਗਈ ਥਰਰਾਂਦੀ
ਹੁਣ ਚਕਾਚੂੰਧ ਹੈ ਛਾਈ



# ਭਾਈ ਵੀਰ ਸਿੰਘ ਜੀ ਦੀ ਕਲਮ ਤੋਂ....................

## ਗੁਰ ਰਾਮਦਾਸ ਰਾਖਹੁ ਸਰਣਾਈ-॥





ਗੁਰੂ ਨਾਨਕ ਦੇਵ ਜੀ ਦੇ ਹਜ਼ੂਰ ਰਹਿਕੇ ਜੋ ਘਾਲਣਾ ਸ੍ਰੀ ਲਹਿਣਾ ਜੀ ਨੇ ਘਾਲੀ ਸੀ ਉਸਦੀ ਮਿਸਾਲ ਕਿਤੇ ਨਹੀਂ ਮਿਲਦੀ। ਗੁਰੂ ਨਾਨਕ ਦੇਵ ਜੀ ਨੇ **ਗੁਰੂ ਆਦਰਸ਼** ਤੇ ਸ੍ਰੀ ਲਹਿਣਾ ਜੀ ਨੇ **ਸਿਖ ਅਦਾਰਸ਼** ਕਮਾਲ ਦਰਸਾਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਸੰਗ ਰਹਿਕੇ ਸ੍ਰੀ ਲਹਿਣਾ ਜੀ ਨੇ ਸੁਭਾਗਾ ਨਾਮ ਗੁਰ ਅੰਗਦ ਪ੍ਰਾਪਤ ਕੀਤਾ ਤੇ **ਸਿਖ** ਤੋਂ **ਗੁਰੂ** ਹੋ ਗਏ। ਇਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਆਪਾ ਵਾਰੂ ਨਿਰਮਾਣ ਤੇ ਅਣਥੱਕ ਸੇਵਾ ਘਾਲਕੇ ਸ੍ਰੀ ਜੇਠਾ ਜੀ ਤੋਂ ਗੁਰੂ ਰਾਮਦਾਸ ਨਾਮ ਪ੍ਰਾਪਤ ਕੀਤਾ:-

**ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ।।**

ਇਤਿਹਾਸ ਦੱਸਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਜਿਨ੍ਹਾਂ ਦੀ ਜਗਤ ਆਯੂ ਬੀ ਸਮਾਪਤ ਹੋ ਚੁਕੀ ਸੀ, ਉਹਨਾਂ ਨੂੰ ਆਪਣੀ ਰਹਿੰਦੀ ਆਯੂ ਬਖਸ਼ਕੇ ਹੱਥੀਂ ਗੁਰੂ ਨਾਨਕ ਦੇਵ ਜੀ ਦੇ ਸੱਚੇ ਤਖਤ ਤੇ ਬਿਰਾਜਮਾਨ ਕੀਤਾ:-

**ਬਿਦ੍ਰਮਾਨ ਗੁਰਿ ਆਪਿ ਥਪਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ।।**

ਗੁਰਿਆਈ ਦੇ ਤਖਤ ਤੇ ਸ੍ਰੀ ਗੁਰੂ ਰਾਮਦਾਸ ਜੀ ਕੇਵਲ 7 ਬਰਸ ਹੀ ਬਿਰਾਜੇ ਹਨ। ਅਵਤਾਰ ਕੱਤਕ ਵਦੀ ਦੂਜ ਸੰਮਤ 1591 ਬਿ: (24-09-1534 ਈ:) ਨੂੰ ਚੂਨਾ ਮੰਡੀ ਲਾਹੌਰ ਬਾਬਾ ਹਰਿਦਾਸ ਜੀ ਦੇ ਗ੍ਰਿਹਿ ਹੋਇਆ ਤੇ ਆਪ ਜੀ ਦਾ ਵਿਆਹ ਸ੍ਰੀ ਗੁਰੂ ਅਮਰਦਾਸ ਜੀ ਦੀ ਪਰਮ ਪਿਆਰੀ ਤੇ ਸੇਵਾ ਭਾਵ ਵਾਲੀ ਛੋਟੀ ਸਪੁੱਤਰੀ ਬੀਬੀ ਭਾਨੀ ਜੀ ਨਾਲ ਹੋਇਆ ਸੀ। ਗੁਰਤਾਗੱਦੀ ਪਰ ਆਪ ਭਾਦਰੋਂ ਸੁਦੀ 13 ਸੰ: 1631 ਬਿ:ਨੂੰ ਗੁਰੂ ਅਮਰਦਾਸ ਜੀ ਨੇ ਆਪਣੀ ਹੱਥੀ ਗੁਰਗੱਦੀ ਤੇ ਬਿਠਾਇਆ ਤੇ ਦੋ ਦਿਨ ਪਿੱਛੋਂ ਤੀਸਰੇ ਪਾਤਸ਼ਾਹ ਆਪਣੇ ਪਰਮ ਧਾਮ ਸਚਖੰਡ ਚਲੇ ਗਏ। ਸ੍ਰੀ ਗੁਰੂ ਰਾਮਦਾਸ ਜੀ ਦੇ ਤ੍ਰੈ ਸਾਹਿਬਜ਼ਾਦੇ ਹੋਏ: ਬਾਬਾ ਪਿਥੀ ਚੰਦ ਜੀ, ਬਾਬਾ ਮਹਾਂਦੇਵ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ। ਸੱਤ ਸਾਲ ਗੁਰਤਾਗਦੀ ਪਰ ਬੈਠੇ ਜਗਤ ਨਿਸਤਾਰੇ ਦੇ ਅਨੂਠੇ ਕਾਰਜ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਭਾਦਰੋਂ ਸੁਦੀ 3 ਸੰਮਤ 1638 ਬਿ: ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਸੱਚਾ ਤਖਤ ਸੌਂਪ ਕੇ ਜੋਤੀ ਜੋਤਿ ਸਮਾ ਗਏ।

ਏਨ੍ਹਾਂ ਸੱਤਾਂ ਸਾਲਾਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਹਜ਼ਾਰਾਂ ਅਤ੍ਰਿਪਤ ਜਗਿਆਸੂ ਆਤਮਾ ਨੂੰ ਹਰਿ ਧਨ ਦੀ ਬਖਸ਼ੀਸ਼ ਨਾਲ ਧਨਵਾਨ ਬਨਾਇਆ, ਹਰਿ ਰਸ ਨਾਲ ਤ੍ਰਿਪਤ ਕੀਤਾ, ਅਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਹਰਿ ਧਨ ਦਾ ਅਟੱਲ ਭੰਡਾਰ ਤੇ ਸੋਮਾ ਸ੍ਰੀ ਹਰਿਮੰਦਰ ਅੰਮ੍ਰਿਤ ਸਰੋਵਰ ਸਿਰਜ ਕੇ ਸਦਾ ਲਈ ਸੁਖ ਸ਼ਾਂਤੀ ਦੀ ਦੈਵੀ ਨਿਧੀ ਮਾਤ ਲੋਕ ਵਿਚ ਸਥਾਪਤ ਕਰ ਦਿੱਤੀ। ਇਕ ਸਹਿਜਧਾਰੀ ਸੱਜਣ ਪੁਰਖ ਕਿਹਾ ਕਰਦੇ ਸਨ ਕਿ ਹੋਰ ਅਵਤਾਰ ਪੀਰ ਪੈਗੰਬਰ ਤਾਂ ਆਏ, ਆਪਣੇ ਸਮੇਂ ਜਗਤ ਦਾ ਭਲਾ ਕੀਤਾ ਤੇ ਚਲੇ ਗਏ ਪਰ ਧੰਨ ਹੈ ਆਉਣਾ ਸ੍ਰੀ ਗੁਰੂ ਰਾਮਦਾਸ ਜੀ ਦਾ, ਕਿ ਆਪ ਏਥੇ ਆਏ ਤੇ ਦੈਵੀ ਹਰਿਮੰਦਰ ਸਾਜਕੇ ਕੀਰਤਨ ਦਾ ਰੂਪ ਧਾਰਕੇ ਸਦਾ ਲਈ ਇਥੇ ਹੀ ਬਿਰਾਜ ਗਏ ਤਾਂ ਜੋ ਰਹਿੰਦੀ ਦੁਨੀਆਂ ਤੋੜੀ ਹਰੀ ਰਸ ਦੀ ਅਮੁੱਕ ਦਾਤ ਅਤ੍ਰਿਪਤ ਮਨਾਂ ਨੂੰ ਸਦਾ ਵੰਡਕੇ ਤ੍ਰਿਪਤੀ ਬਖਸ਼ਦੇ ਰਹਿਣ। ਜਗਤ ਤੇ ਸਫਲ ਆਉਣਾ ਇਹ ਹੈ ਜਿਸ ਨੂੰ ਧੰਨਤਾ ਯੋਗ ਆਉਣਾ ਕਿਹਾ ਜਾ ਸਕਦਾ ਹੈ।

ਇਕ ਯੂਰਪੀਨ ਯਾਤਰੂ ਬੀ ਇਸ ਮੰਦਿਰ ਦੀ ਯਾਤਰਾ ਕਰਨ ਆਇਆ, ਗੁਰੂ ਰਾਮਦਾਸ ਜੀ ਦੀ ਅਟੱਲ ਵਿਰਾਜਮਾਨੀ ਨੂੰ ਅਨੁਭਵ ਕਰਕੇ



ਉਗਾਹੀ ਭਰ ਗਿਆ ਕਿ ਆਪ ਦੇ ਰਚੇ ਇਸ ਮੰਦਿਰ ਵਿਚ ਵਿਛੋੜਾ ਨਹੀਂ, ਏਥੇ ਵਸਲ ਹੀ ਵਸਲ ਹੈ, ਕਿਸ ਨਾਲ? ਸਚੇ ਸਾਈਂ ਨਾਲ।

ਹਾਂ ਜੀ, ਇਸ ਅੰਮ੍ਰਿਤਸਰ ਨਗਰੀ ਦਾ ਮੋਹੜਾ ਸ੍ਰੀ ਗੁਰੂ ਰਾਮਦਾਸ ਜੀ ਨੇ ਹੀ ਗਡਿਆ ਸੀ। ਕਦੇ ਸ੍ਰੀ ਗੁਰੂ ਨਾਨਕ ਦੇਵ ਜੀ ਬੀ ਇਥੇ ਬੇਰੀਆਂ ਦੀ ਝੰਗੀ ਹੇਠ ਸਚੇ ਸਾਈਂ ਦਾ ਸੋਹਿਲਾ ਗਾ ਗਏ ਸਨ, ਫੇਰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ਼ਾਰੇ ਪਰ ਸ੍ਰੀ ਗੁਰੂ ਅਮਰਦਾਸ ਜੀ ਬੀ ਕੁੱਝ ਸਮਾਂ ਕਾਰ ਕਰ ਗਏ ਸਨ, ਪਰ ਤਾਲ ਦੀ ਵਿਸ਼ੇਸ਼ ਖੁਦਾਈ ਦਾ ਕਾਰਜ ਸ੍ਰੀ ਗੁਰੂ ਰਾਮਦਾਸ ਜੀ ਨੇ ਹੀ ਨੇਪਰੇ ਚਾੜ੍ਹਿਆ ਸੀ।

**ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ।**

**ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।**

ਨਗਰ ਦਾ ਨਾਮ ਆਪ ਜੀ ਨੇ ਪਹਿਲੇ ਸਤਿਗੁਰੂ ਸਾਹਿਬਾਨ ਦੀ ਯਾਦ ਵਿਚ **ਗੁਰੂ ਕਾ ਚੱਕ** ਰਖਿਆ ਸੀ, ਪਰ ਮਗਰੋਂ ਇਹ ਪ੍ਰਸਿੱਧ ਹੋ ਗਿਆ **ਗੁਰੂ ਰਾਮਦਾਸ ਪੁਰਾ**। ਸਰੋਵਰ ਦਾ ਨਾਮ **ਸੁਧਾਸਰ** ਜਾਂ **ਅੰਮ੍ਰਿਤ ਸਰੋਵਰ** ਰਖਿਆ ਤੇ ਇਸੇ ਸਰੋਵਰ ਦੇ ਨਾਮ ਤੋਂ ਫਿਰ ਨਗਰ ਦਾ ਨਾਮ ਬੀ ਅੰਮ੍ਰਿਤਸਰ ਹੀ ਪ੍ਰਸਿੱਧ ਹੋ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ **ਮਹਲਾ ਚਉਥਾ** ਦੀ ਬਾਣੀ ਸ੍ਰੀ ਗੁਰੂ ਰਾਮਦਾਸ ਜੀ ਦੀ ਰਚੀ ਬਾਣੀ ਹੀ ਹੈ, ਜੋ ਆਪ ਜੀ ਨੇ ਗੁਰਤਾਗਦੀ ਪਰ ਬੈਠਕੇ ਉਚਾਰੀ ਤੇ ਇਸ ਸਮੇਂ ਵਿਚ ਜੋ ਨਾ ਭਰੇ ਜਾ ਸਕਣ ਵਾਲੀ ਖਾਲੀ, ਢੱਠੇ, ਸੁੱਕੇ ਤੇ ਤਪਤ ਦਿਲ ਆਪ ਦੀ ਸ਼ਰਨ ਆਏ ਉਹਨਾਂ ਨੂੰ ਆਤਮਕ ਠੰਢਾਂ ਬਖਸ਼ੀਆਂ, ਹਰੀ ਧਨ ਤੇ ਹਰੀ ਰਸ ਨਾਲ ਸੁਭਰ ਭਰ ਦਿੱਤਾ, ਜੋ ਅੱਗੇ ਜਗਤ ਵਿਚ ਜਾ ਕੇ ਨਾਮ ਬਾਣੀ ਦੀ ਸ਼ਾਂਤੀ ਬਖਸ਼ਣ ਵਾਲੀ ਠੰਢ ਵਰਸਾਉਂਦੇ ਰਹਿਣ, ਜਿਸ ਦੀ ਉਗਾਹੀ ਭੱਟ ਕਲ ਜੀ ਨੇ **ਗੁਰ ਰਾਮਦਾਸ ਸਰ ਅਭਰ ਭਰੇ** ਕਹਿਕੇ ਭਰੀ ਹੈ।

ਹਜ਼ੂਰੀ ਕਵੀਆਂ ਭੱਟਾਂ ਦੀ ਬਾਣੀ ਦਾ ਪਾਠ ਕਰੋ ਤਾਂ ਪਤਾ ਲਗ ਜਾਂਦਾ ਹੈ ਕਿ ਆਪ ਸਦਾ ਨਿਰੰਕਾਰ ਦੇ ਧਿਆਨ ਵਿਚ ਰਸ ਮਖਮੂਰ ਰਹਿੰਦੇ ਸਨ, ਹਰਿ ਧਨ ਦੇ ਸ਼ਾਹ ਹੋ ਕੇ ਇਸ ਦਾ ਅਤੁਟ ਲੰਗਰ ਚਲਾਈ ਰਖਦੇ ਸਨ ਤੇ ਇਸ ਕਾਰਨ ਆਪ ਦੀ ਮਹਾਨ ਪੂਜਨੀਕ ਹਸਤੀ ਦਾ ਪ੍ਰਭਾਵ ਐਸਾ ਸੀ ਕਿ ਹਜ਼ੂਰੀ ਵਿਚ ਗਿਆਂ ਤਾਪ ਸੰਤਾਪ, ਅਗਯਾਨ, ਵਿਕਾਰ ਆਦਿ ਸਭ ਸ਼ਾਂਤ ਹੋ ਜਾਂਦੇ ਸਨ ਤੇ ਕੀ ਮਜ਼ਾਲ ਸੀ ਕਿ ਫਿਰ ਓਹ ਜਮ ਦੀ ਪਕੜ ਵਿਚ ਆ ਸਕਣ:-

**ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮ ਸੁਨੇ ਸੁਤੁ ਭਾਨ ਡਰਉ।।**

ਇਸ ਸਾਖ ਵਿਚ ਦੱਸਿਆ ਹੈ ਕਿ ਆਪ ਦਾ ਨਾਮ ਸੁਣਕੇ ਹੀ ਜਮ ਨੇੜੇ ਨਹੀਂ ਸੀ ਆਉਂਦਾ, ਇਹ ਸਾਖ ਕੇਵਲ ਸਤਿਗੁਰੂ ਜੀ ਦੇ ਆਪਣੇ ਸਮੇਂ ਲਈ ਹੀ ਨਹੀਂ ਸੀ, ਇਹ ਹਰ ਸਮੇਂ ਲਈ ਸਿੱਧ ਹੈ, ਆਪ ਦਾ ਪਵਿਤਰ ਨਾਮ ਅਗਯਾਨ ਦੇ ਅਨ੍ਹੇਰੇ ਨੂੰ ਦੂਰ ਕਰਕੇ ਹਿਰਦਿਆਂ ਵਿਚ ਵਾਹਿਗੁਰੂ ਦੇ ਨਾਮ ਦਾ ਨਿਵਾਸ ਬਖਸ਼ਦਾ ਤੇ ਵਾਹਿਗੁਰੂ ਨਾਲ ਮੇਲ ਕਰਾ ਦਿੰਦਾ ਹੈ। ਭੱਟ ਬਲ੍ਹ ਜੀ ਇਹੋ ਹੀ ਕਹਿੰਦੇ ਹਨ:

**ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ।।**

**ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿਨਾਮੁ ਦਿਨੋ ਦਿਨੁ।।**

**ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ।।**

**ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵ ਨਿਧਿ ਪਾਵੈ।।**

**ਸੋਈ ਰਾਮਦਾਸੁ ਗੁਰੁ ਬਲ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ।।**

**ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ।।**

ਹਾਂ ਜੀ, ਸ੍ਰੀ ਬਲ੍ਹ ਜੀ ਸਾਨੂੰ ਸੁਮਤਿ ਦੇਂਦੇ ਹਨ ਕਿ ਜਿਸ ਸਤਿਗੁਰੂ ਰਾਮਦਾਸ ਜੀ ਦਾ ਸਿਮਰਨ ਕਰਕੇ ਤੇ ਜਿਸ ਦੀ ਸ਼ਰਨ ਵਿਚ ਆਉਣ ਨਾਲ ਨੈਣਾਂ ਦਾ ਅੰਧੇਰਾ ਮਿਟ ਜਾਂਦਾ ਹੈ, ਹਿਰਦੇ ਵਿਚ ਹਰੀ ਨਾਮ ਦਾ ਵਾਸਾ ਹੋ ਜਾਂਦਾ ਹੈ ਤੇ ਦਿਨੋ ਦਿਨ ਵਾਧੇ ਵਿਚ ਹੁੰਦਾ ਜਾਂਦਾ ਹੈ, ਜੀਅ ਦੀ ਤਪਤ ਮਿਟ ਜਾਂਦੀ ਹੈ, ਰਿਧਾਂ ਸਿਧਾਂ ਤੇ ਨੌ ਨਿਧੀਆ ਪ੍ਰਾਪਤ ਹੋ ਜਾਂਦੀਆਂ ਹਨ, ਉਹਨਾਂ ਨੂੰ ਸੰਗਤ ਵਿਚ ਮਿਲਕੇ ਧੰਨ ਧੰਨ ਕਰੋ, ਉਹਨਾਂ ਦੀ ਸਿਫਤ ਸਲਾਹ ਕਰੋ। ਕਿਉਂਕਿ ਗੁਰੂ ਰਾਮਦਾਸ ਜੀ ਦਾ ਲੜ ਫੜਨ ਨਾਲ ਵਾਹਿਗੁਰੂ ਪ੍ਰਾਪਤ ਹੋ ਜਾਂਦਾ ਹੈ। ਗੁਰੂ ਰਾਮਦਾਸ ਜੀ ਜਗਯਾਸੂ ਦੀ ਬਾਂਹ ਫੜਕੇ ਪ੍ਰਭੂ ਨਾਲ ਮੇਲ ਕਰਾ ਦੇਂਦੇ ਹਨ।

ਆਓ ਅਸੀਂ ਬੀ ਅਜ **ਧੰਨ ਸ੍ਰੀ ਗੁਰੂ ਰਾਮਦਾਸ ਜੀ** ਤੋਂ ਉਨ੍ਹਾਂ ਦੀ ਪਾਵਨ ਚਰਨ ਸ਼ਰਨ ਮੰਗੀਏ ਤੇ ਉਹਨਾਂ ਦੇ ਹਜ਼ੂਰੀ ਕਵੀ ਭੱਟ ਕੀਰਤ ਜੀ ਦੇ **ਪਿਆਰੇ ਪਿਆਰੇ ਭਾਵਾਂ ਨਾਲ ਇਕ ਸੁਰ ਹੋਈਏ:-**

**ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ।।**

**ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ।।**

**ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ।।**

**ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ।।**

# ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਤੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਦਾ ਸੰਦੇਸ



## ਗੁਰੂ ਕੀ ਨਗਰੀ ਵਿਚ 52 ਕਿਤਾਕਾਰ ਵਸਾ ਕੇ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਵਾਲੇ ਚੌਥੇ ਪਾਤਸ਼ਾਹ ਦਾ ਦਰਸਾਇਆ ਮਾਨਵਸੇਵਾ ਦਾ ਮਾਰਗ ਸਾਨੂੰ ਜੀਵਨ ਵਿਚ ਅਪਨਾਉਣ ਦੀ ਲੋੜ ਹੈ।



ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਕੈਬਨਿਟ ਮੰਤਰੀ ਪੰਜਾਬ ਨੇ ਸਿੱਖ ਧਰਮ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ 488ਵੇਂ ਪ੍ਰਕਾਸ਼ ਪੁਰਬ ਸਮੇਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਤਿਕਾਰ ਸਹਿਤ ਵਧਾਈ ਸੰਦੇਸ਼ ਦਿੰਦਿਆਂ ਆਖਿਆ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦਾ ਨਿਰਮਾਣ ਕਰਨ ਸਮੇਂ ਮਾਨਵ-ਸਮਾਜ ਦੇ ਸਮਕਾਲ ਦੀਆਂ ਪਰਸਥਿਤੀਆਂ ਦਾ ਡੂੰਘਾਈ ਨਾਲ ਅਧਿਐਨ ਕਰਦਿਆਂ ਪਹਿਲਾਂ ਉਸਨੂੰ ਵੇਖਿਆ ਫਿਰ ਗੰਭੀਰਤਾ ਨਾਲ ਵਿਚਾਰਣ ਉਪਰੰਤ ਉਸਦੇ ਸਮਾਧਾਨ ਲਈ ਅਤੇ ਇਸ ਅਸਥਾਨ ਨੂੰ ਸਿੱਖੀ ਦਾ ਧੁਰਾ ਸਥਾਪਤ ਕਰਨ ਲਈ ਨਾ ਕੇਵਲ ਅੰਮ੍ਰਿਤ ਸਰੋਵਰ ਦੀ ਸਥਾਪਨਾ ਕੀਤੀ ਸਗੋਂ ਮਨੁੱਖਤਾ ਦੀ ਰੋਜ਼ੀ ਰੋਟੀ ਦੀ ਬੁਨਿਆਦੀ ਲੋੜ ਪੂਰੀ ਕਰਨ ਲਈ ਵੱਖ-ਵੱਖ ਕਿਤਿਆਂ ਦੇ 52 ਮਾਹਰ ਕਾਰੀਗਰਾਂ ਨੂੰ ਲਿਆਕੇ ਏਥੇ ਵਸਾਇਆ। ਇਹਨਾਂ ਮਾਹਰ ਕਾਰੀਗਰਾਂ ਦੇ ਕਾਰੋਬਾਰ ਨੇ ਨਾ ਕੇਵਲ ਮਾਨਵ-ਲੋੜਾਂ ਦੀ ਪੂਰਤੀ ਕੀਤੀ ਸਗੋਂ ਆਪਣੇ ਵਪਾਰ ਨੂੰ ਚਲਾਉਣ ਲਈ ਆਲੇ-ਦੁਆਲੇ ਦੇ ਵਾਸੀਆਂ ਨੂੰ ਰੁਜ਼ਗਾਰ ਵੀ ਪ੍ਰਦਾਨ ਕੀਤਾ ਹੈ।

ਡਾ.ਨਿੱਜਰ ਜੀ ਨੇ ਆਖਿਆ ਕਿ ਮੇਰੇ ਵਿਚਾਰ ਅਨੁਸਾਰ ਮਾਨਵ-ਸਮਾਜ ਉਸੇ ਸਖ਼ਸ਼ੀਅਤ ਨੂੰ ਮਹਾਨਤਾ ਤੇ ਸਨਮਾਨ ਪ੍ਰਦਾਨ ਕਰਦਿਆਂ ਸਦੀਵਕਾਲ ਯਾਦ ਰਖਦਾ ਹੈ ਜੋ ਨਿਜਲਾਭ ਤੇ ਨਿਜਵਾਦ ਨੂੰ ਤਿਆਗ ਕੇ ਪਰਉਪਕਾਰੀ ਭਾਵਨਾ ਦੇ ਸਨਮੁੱਖ ਮਾਨਵ-ਸਮਾਜ ਭਲਾਈ ਨੂੰ ਸਰਬੋਤਮ ਰਖੇ। ਕਿਉਂਕਿ ਹਰੇਕ ਧਰਮ-ਕਰਮ ਦਾ ਮੁਲ ਸਮਾਜਿਕ ਸਰੋਕਾਰਾਂ ਨਾਲ ਜੁੜ ਕੇ ਪੈਂਦਾ ਹੈ। ਏਸੇ ਲਈ ਚੌਥੇ ਪਾਤਸ਼ਾਹ ਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਦੇ ਸਿਰਜੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਸਿਧਾਤਾਂ ਅਨੁਸਾਰ ਮਾਨਵ-ਸਮਾਜ ਦੇ ਉਸਾਰੂ ਨਿਰਮਾਣ ਲਈ ਉਨ੍ਹਾਂ ਨੂੰ ਵਿਵਹਾਰਕ ਰੂਪ ਵਿੱਚ ਆਧਾਰ ਬਣਾਇਆ ਤਾਂ ਜੋ ਇਕ ਅਜਿਹੇ ਕਰਮਸ਼ੀਲ, ਸਾਰਥਿਕ ਤੇ ਨਰੋਏ ਸਮਾਜ ਦਾ ਨਿਰਮਾਣ ਕੀਤਾ ਜਾ ਸਕੇ ਜਿਸ ਦੇ ਵਸਨੀਕ ਸਰਬੱਤ ਦਾ ਭਲਾ ਮੰਗਣ ਵਾਲੀ ਜੀਵਨ-ਸ਼ੈਲੀ ਦੇ ਧਾਰਨੀ ਬਣਕੇ ਆਪਣਾ, ਆਪਣੇ ਪਰਿਵਾਰ ਅਤੇ ਸਮਾਜ ਦਾ ਕਲਿਆਣ ਕਰਦਿਆਂ ਖੁਸ਼ਹਾਲੀ ਭਰਿਆ ਮਹੌਲ ਪੈਦਾ ਕਰ ਸਕਣ।

ਡਾ.ਨਿੱਜਰ ਨੇ ਕਿਹਾ ਕਿ ਅਜੋਕੇ ਸਮੇਂ ਜਿਸ ਤਰ੍ਹਾਂ ਨੌਜੁਆਨ ਪੀੜ੍ਹੀ ਧੜਾਧੜ ਆਪਣੇ ਵਿਰਾਸਤੀ ਘਰਾਂ, ਜ਼ਮੀਨਾਂ, ਜਮਾਪੂੰਜੀ ਨੂੰ ਵੇਚ ਵਟ ਕੇ ਰੁਜ਼ਗਾਰ ਦੀ ਖਾਤਰ ਵਿਦੇਸ਼ਾਂ ਵੱਲ ਦੌੜ ਰਹੀ ਹੈ ਉਸ ਰੁਝਾਨ ਨੂੰ ਰੋਕਣ ਲਈ ਗੁਰੂ ਰਾਮਦਾਸ ਜੀ ਦਾ ਰੁਜ਼ਗਾਰ ਪੈਦਾ ਕਰਨ ਦਾ ਇਹ ਉਪਦੇਸ਼ ਸਭ ਦਾ ਸੁਚੱਜਾ ਮਾਰਗ ਦਰਸ਼ਨ ਕਰਨ ਵਾਲਾ ਹੈ। ਬਲ ਕਿ ਜਿਸ ਤਰ੍ਹਾਂ ਵਿਸ਼ਵ ਭਰ ਵਿਚ ਅਜ ਲੁਟਾਂ ਖੋਹਾਂ, ਮਿਲਾਵਟ ਖੋਰੀ, ਜਮਾਂਖੋਰੀ, ਨਸ਼ਾਖੋਰੀ, ਖੂਨ ਖਰਾਬਾ, ਬਲਾਤਕਾਰ ਆਦਿ ਘਟਨਾਵਾਂ ਦਾ ਗਰਾਫ਼ ਦਿਨੋ ਦਿਨ ਉਪਰ ਵਲ ਵੱਧ ਰਿਹਾ ਹੈ ਉਸ ਨੂੰ ਜੇਕਰ ਕੋਈ ਸੁੰਤਲਤ ਕਰ ਸਕਦਾ ਹੇ ਤਾਂ ਉਹ ਹੈ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਦਰਸਾਇਆ ਇਹ ਰੁਜ਼ਗਾਰ ਤੇ ਕਿਤਾ-ਮੁੱਖੀ ਮਾਰਗ। ਇਸ ਲਈ ਇਸਨੂੰ ਜੀਵਨ ਵਿਚ ਧਾਰਨ ਕਰਨਾ ਹਰ ਮਾਨਵ ਲਈ ਜ਼ਰੂਰੀ ਹੈ। ਮੈਂ ਸਮਝਦਾ ਹਾਂ ਕਿ ਅਜਿਹਾ ਕਰਨ ਨਾਲ ਹੀ ਅਸੀਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਇਸ 488ਵੇਂ ਪ੍ਰਕਾਸ਼ ਪੁਰਬ ਨੂੰ ਸਫਲ ਬਣਾ ਸਕਦੇ ਹਾਂ।

**ਡਾ. ਇੰਦਰਬੀਰ ਸਿੰਘ ਨਿੱਜਰ**

ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ

ਅੰਮ੍ਰਿਤਸਰ



# ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।।

**ਅਜੀਤ ਸਿੰਘ ਬਸਰਾ**
ਆਨਰੇਰੀ ਸਕੱਤਰ, ਚੀਫ਼ ਖ਼ਾਲਸਾ ਦੀਵਾਨ, ਸ੍ਰੀ ਅੰਮ੍ਰਿਤਸਰ





ਮਾਨਵ-ਚੇਤਨਾ ਵਿਚ ਇਹ ਪ੍ਰਸ਼ਨ ਉਠਣਾ ਸੁਭਾਵਕ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਤਾਗੱਦੀ ਦੇ ਤੱਖਤ ਤੇ ਭਾਈ ਜੇਠਾ ਜੀ ਨੂੰ ਹੀ ਕਿਉਂ ਬਿਰਾਜਮਾਨ ਕੀਤਾ। ਜੇਕਰ ਉਹਨਾਂ ਨੇ ਆਪਣੇ ਦੋਵੇਂ ਸਪੁੱਤਰ ਬਾਬਾ ਮੋਹਨ ਤੇ ਬਾਬਾ ਮੋਹਰੀ ਜੀ ਨੂੰ ਇਸ ਪੱਦਵੀ ਤੋਂ ਅਣਡਿਠ ਕਰਕੇ ਇਹ ਸਨਮਾਨ ਆਪਣੇ ਜਵਾਈ ਨੂੰ ਬਖਸ਼ਣਾ ਸੀ ਤਾਂ ਭਾਈ ਰਾਮਾ ਜੀ ਤਾਂ ਉਹਨਾਂ ਦੇ ਵੱਡੇ ਜਵਾਈ ਸਨ ਫੇਰ ਉਹਨਾਂ ਨੇ ਆਪਣੇ ਛੋਟੇ ਜਵਾਈ ਭਾਈ ਜੇਠਾ ਜੀ ਨੂੰ ਕਿਉਂ ਪਹਿਲ ਦਿੱਤੀ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 1399 ਉਪਰ ਬਾਣੀਕਾਰ ਭੱਟ ਨਲ ਜੀ ਨੇ ਇਸ ਤੱਥ ਦੀ ਪੁਸ਼ਟੀ ਕੀਤੀ ਹੈ ਕਿ ਗੁਰੂ ਅਮਰਦਾਸ ਜੀ ਨੇ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।। ਹਾਲਾਂਕਿ ਭਾਈ ਜੇਠਾ ਜੀ ਉਹ ਸਨ ਜਿਨ੍ਹਾਂ ਦੇ ਮਾਂ ਬਾਪ ਬਚਪਨ ਵਿਚ ਹੀ ਚਲਾਣਾ ਕਰ ਗਏ ਸਨ ਜਿਸ ਕਰਕੇ ਇਨ੍ਹਾਂ ਦਾ ਬਚਪਨ ਗੋਡੇ ਗੋਡੇ ਗਰੀਬੀ ਦੀ ਦਲਦਲ ਵਿਚ ਬੀਤਿਆ। ਪਰ ਇਸ ਦੇ ਬਾਵਜੂਦ ਆਪ ਜੀ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਜਵਾਈ ਬਣੇ ਅਤੇ ਫੇਰ ਗੁਰਤਾਗੱਦੀ ਉਤੇ ਕੀਤੇ ਗਏ ਬਿਰਾਮਾਨ? ਇਸ ਦਾ ਸਪੱਸ਼ਟ ਕਾਰਨ ਹੈ ਕਿ ਸਿੱਖ ਧਰਮ ਵਿਚ ਗੁਰਤਾਗੱਦੀ ਵਾਲੇ ਤਖਤ ਤੇ ਬਿਰਾਜਮਾਨ ਕਰਨ ਦਾ ਵਿਧੀ-ਵਿਧਾਨ ਇਸ ਦਾ ਰੂਪ, ਸਰੂਪ, ਸੋਚ, ਸਿਧਾਂਤ, ਆਚਾਰ-ਵਿਵਹਾਰ ਆਦਿ ਨੂੰ ਸੰਸਥਾਗਤ ਵਜੋਂ ਸਥਾਪਤ ਕਰਨ ਦਾ ਮੁੱਢ ਜੋ ਸਿੱਖ ਧਰਮ ਦੇ ਬਾਨੀ ਗੁਰੂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਆਪ ਬੰਨਿਆਂ ਸੀ ਉਸੇ ਪਰੰਪਰਾ ਦਾ ਅਨੁਸਰਣ ਕੀਤਾ ਉਹਨਾਂ ਦੇ ਉਤਰਅਧਿਕਾਰੀ ਸਿੱਖ ਗੁਰੂਆਂ ਨੇ। ਗੁਰੂ ਨਾਨਕ ਸਾਹਿਬ ਜੀ ਨੇ ਜਿਸ ਤਰ੍ਹਾਂ ਆਪਣੇ ਦੋਵੇਂ ਪੁੱਤਰਾਂ (ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਦਾਸ) ਨੂੰ ਅਣਡਿਠ ਕਰਦਿਆਂ ਸੇਵਾ ਸਿਮਰਨ ਤੇ ਹੁਕਮ ਮੰਨਣ ਵਾਲੇ ਭਾਈ ਲਹਿਣੇ ਨੂੰ ਅੰਗ ਲਾਉਂਦਿਆਂ ਉਸ ਨੂੰ ਗੁਰੂ ਅੰਗਦ ਦੀ ਪੱਦਵੀ ਬੱਖਸ਼ ਦਿੱਤੀ। ਏਸੇ ਤਰ੍ਹਾਂ ਹੀ ਗੁਰੂ ਅੰਗਦ ਦੇਵ ਜੀ ਨੇ ਅਤੇ ਗੁਰੂ ਅਮਰਦਾਸ ਜੀ ਨੇ ਪਰਿਵਾਰਕ ਮੋਹ ਦਰਕਿਨਾਰ ਕਰਦਿਆਂ ਗੁਰੂ ਨਾਨਕ ਪਾਤਸ਼ਾਹ ਦੇ ਗੁਣਤੰਤਰ ਦੀ ਸਿਰਮੋਰਤਾ ਸਨਮੁੱਖ ਭਾਈ ਅਮਰੂ ਨੂੰ ਗੁਰੂ ਅਮਰਦਾਸ ਵਜੋਂ ਅਤੇ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਦੇ ਰੂਪ ਵਿਚ ਗੁਰਤਾਗੱਦੀ ਦੇ ਤਖਤ ਤੇ ਬਿਰਾਜਮਾਨ ਕੀਤਾ। ਇਸੇ ਤੱਥ ਦੀ ਪੁਸ਼ਟੀ ਕਰਦੇ ਹਨ:- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀਕਾਰ ਭੱਟ ਨਲ ਜੀ।

**ਰਾਜੁ ਜੋਗ ਤਖਤੁ ਦੀਅਨੁ ਗੁਰ ਰਾਮਦਾਸ।।**

**ਪ੍ਰਥਮੇ ਨਾਨਕ ਚੰਦੁ ਜਗਤ ਭਯੋ ਅਨੰਦੁ ਤਾਰਨਿ ਮਨੁਖ ਜਨ ਕੀਅਉ ਪ੍ਰਗਾਸ।।**

**ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚਭੂਤ ਬਸਿ ਕੀਨੋ ਜਮਤ ਨ ਤ੍ਰਾਸ।।**

**ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗ ਰਾਖੀ ਪਤਿ ਅਗਨ ਦੋਖਤ ਗਤੁ ਚਰਨ ਕਵਲ ਜਾਸ।।**

**ਸਭ ਬਿਧਿ ਮਾਨਿਉ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।।**

ਸਾਡੀ ਇਹ ਧਾਰਨਾ ਹੈ ਕਿ ਹਰਕੇ ਉਤਰ ਅਧਿਕਾਰੀ ਗੁਰੂ ਵਿਚ ਉਹੋ ਨਿਰੰਕਾਰੀ ਜੋਤਿ ਪ੍ਰਵੇਸ਼ ਕਰਦੀ ਰਹੀ ਜੋ ਗੁਰੂ ਨਾਨਕ ਪਾਤਸ਼ਾਹ ਵਿਚ ਪ੍ਰਜਵਲਤ ਹੋਈ ਸੀ। ਰਾਮਕਲੀ ਦੀ ਵਾਰ ਵਿਚ ਭਾਈ ਸਤਾ ਤੇ ਬਲਵੰਡ ਨੇ ਵੀ ਏਹੋ ਸਿਧਾਂਤ ਪ੍ਰਗਟਾਇਆ ਹੈ ਕਿ **ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।।**

ਮਾਨਵ-ਸੋਚ ਲਈ ਇਹ ਮੰਨਣਾ ਮੁਸ਼ਕਲ ਹੈ ਕਿ ਇਕ ਯਤੀਮ ਬਾਲਕ ਸਿੱਖ ਧਰਮ ਦੀ ਸਰਬੋਤਮ ਪੱਦਵੀ ਗੁਰਤਾਗੱਦੀ ਪ੍ਰਾਪਤ ਕਰ ਸਕਦਾ ਹੈ। ਪਰ ਗੁਰੂ ਨਾਨਕ ਪਾਤਸ਼ਾਹ ਦੇ ਗੁਣਤੰਤਰ-ਚੋਣ ਦੇ ਸਿਧਾਂਤ ਸਨਮੁੱਖ ਇਹ ਕ੍ਰਿਸ਼ਮਾ ਪ੍ਰਤਖ ਹੋਇਆ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਸਿੱਖ ਧਰਮ ਦੇ ਚੌਥੇ ਗੁਰੂ ਦੇ ਰੂਪ ਵਿਚ ਸਥਾਪਤ ਕਰਕੇ।

**ਮੁੱਢਲਾ ਜੀਵਨ:- ਭਾਈ ਜੇਠਾ ਜੀ ਦੇ ਰੂਪ** ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਲਾਹੌਰ ਵਿਚ ਸੋਢੀ ਪਰਿਵਾਰ ਦੇ ਪੁੱਤਰ ਹਰਿਦਾਸ ਦੇ ਘਰ ਮਾਤਾ ਦਯਾ

ਕੌਰ ਦੀ ਕੁੱਖੋਂ ਕੱਤਕ ਵਦੀ 2, ਸੰਮਤ 1591 ਮੁਤਾਬਿਕ 24 ਸਤੰਤਬਰ, 1534 ਨੂੰ ਹੋਇਆ। ਪ੍ਰਚਲਤ ਹਿੰਦੂ ਪਰੰਪਰਾ ਅਨੁਸਾਰ ਪਹਿਲੀ ਔਲਾਦ ਹੋਣ ਕਰਕੇ ਉਮਰ ਵਿਚ ਪਹਿਲਾਂ ਨਾਂ ਰੱਖਿਆ ਗਿਆ ਜੇਠਾ। ਪਿਛੋਂ ਇਕ ਭਰਾ ਹੋਰ ਭਾਈ ਹਰਦਿਆਲ ਅਤੇ ਭੈਣ ਰਾਮਦਾਸੀ ਪੈਦਾ ਹੋਏ। ਆਪ ਜੀ ਅਜੇ ਮਸਾਂ 2 ਸਾਲ ਦੇ ਸਨ ਕਿ ਮਾਤਾ ਜੀ ਚਲਾਣਾ ਕਰ ਗਏ ਅਤੇ ਸਤਵਾਂ ਵਰ੍ਹਾ ਹੀ ਲੱਗਾ ਤਾਂ ਬਾਪੂ ਦਾ ਸਾਇਆ ਵੀ ਜਾਂਦਾ ਰਿਹਾ। ਬੱਚਿਆਂ ਨੂੰ ਅਨਾਥ ਵੇਖ ਕੇ ਨਾਨੀ ਆਪ ਨੂੰ ਪਿੰਡ ਬਾਸਰਕੇ ਲੈ ਆਈ। ਏਥੇ ਹੀ ਬਾਬਾ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਵਿਚ ਆਏ। ਭਾਈ ਜੇਠਾ ਜੀ ਨੇ ਬਾਰਾਂ ਸਾਲ ਦੀ ਉਮਰ ਵਿਚ ਬਾਬਾ (ਗੁਰੂ) ਅਮਰਦਾਸ ਜੀ ਰਾਹੀਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ। ਜਦੋਂ ਗੋਇੰਦਵਾਲ ਬਣਨ ਲੱਗਾ ਤਾਂ ਨਾਨੀ, ਸਮੇਤ ਬਾਲਕ ਜੇਠਾ ਜੀ ਗੋਇੰਦਵਾਲ ਆ ਟਿਕੇ। ਗੁਰੂ ਘਰ ਦੀ ਘਾਲ ਦੇ ਨਾਲ-ਨਾਲ ਘੁੰਗਣੀਆਂ ਵੇਚਣ ਦੀ ਕਿਰਤ ਵੀ ਕਰੀ ਜਾਂਦੇ।ਇਸ ਕਿਰਤ ਦੇ ਨਾਲ ਭਾਈ ਜੇਠਾ ਰੋਜ਼ ਗੁਰੂ-ਦਰਬਾਰ ਦੀ ਹਾਜ਼ਰੀ ਵੀ ਭਰਦੇ ਅਤੇ ਗੋਇੰਦਵਾਲ ਦੀ ਉਸਾਰੀ ਵਿਚ ਵੀ ਯਥਾ-ਸ਼ਕਤ ਸੇਵਾ ਕਰਦੇ। ਸੇਵਾ ਵਿਚ ਜੁਟਿਆਂ ਭਾਈ ਜੇਠਾ ਜੀ ਤੇ ਇਕ ਦਿਨ ਗੁਰੂ ਅਮਰਦਾਸ ਜੀ ਦੀ ਮਿਹਰ-ਦ੍ਰਿਸ਼ਟੀ ਆਪ ਉੱਤੇ ਟਿੱਕੀ ਅਤੇ ਸੁਭਾਵਿਕ ਹੀ ਪ੍ਰਸ਼ਨ ਕੀਤਾ ਕਿ ਭਾਈ ਜੇਠਾ ਜੀ ਤੁਸੀਂ ਬਾਸਰਕੇ ਕਿਉਂ ਛੱਡ ਆਏ ਹੋ? ਨਿਮਰਤਾ ਤੇ ਅਧੀਨਤਾ ਨਾਲ ਹੱਥ ਜੋੜ ਕੇ ਉੱਤਰ ਦਿੱਤਾ ਕਿ ਸੰਸਾਰਕ ਲੋੜਾਂ ਤੇ ਸਰੀਰਕ ਖਾਹਿਸ਼ਾਂ ਤਜ ਕੇ ਏਥੇ ਆਇਆ ਹਾਂ। ਉਤਰ ਸੁਣਕੇ ਗੁਰੂ ਸਾਹਿਬ ਤੋਂ ਅਸੀਸ ਮਿਲੀ ਕਿ ਜੇ ਸੰਸਾਰਕ ਇੱਛਾਵਾਂ, ਲਾਲਸਾਵਾਂ ਤੇ ਮੋਹ ਤੋਂ ਪਰ੍ਹੇ ਹਟਾ ਆਏ ਹੋ ਤਾਂ ਸੱਚੀ ਪਾਤਸ਼ਾਹੀ ਵੀ ਤੁਹਾਨੂੰ ਹੀ ਮਿਲੇਗੀ।

**ਵਿਆਹ:-** ਗੁਰੂ ਅੰਗ-ਸੰਗ ਸੀ ਭਾਈ ਜੇਠੇ ਜੀ ਦੇ। ਮਾਤਾ ਮਨਸਾ ਦੇਵੀ ਜੀ ਨੇ ਜਵਾਨ ਹੋ ਰਹੀ ਬੇਟੀ ਬੀਬੀ ਭਾਨੀ ਦੀ ਚਿੰਤਾ ਗੁਰੂ ਅਮਰਦਾਸ ਜੀ ਸਨਮੁਖ ਕੀਤੀ ਤਾਂ ਗੁਰੂ ਜੀ ਨੇ ਪੁਛਿਆ ਕਿ ਵਰ ਕਿਹੋ ਜਿਹਾ ਹੋਵੇ। ਮਾਤਾ ਜੀ ਨੇ ਕਿਹਾ ਕਿ ਓਹ ਭਾਈ ਜੇਠੇ ਵਰਗਾ। ਭਾਈ ਜੇਠਾ ਬਹੁਤ ਹੀ ਸੁਹਣਾ ਤੇ ਸੁਨੱਖਾ ਜੁ ਸੀ। ਫਿਰ ਭਾਈ ਜੇਠੇ ਵਰਗਾ ਤਾਂ ਜੇਠਾ ਹੀ ਹੈ ਕੈਸੀ ਰਹਿਮਤ ਸੀ ਇਕ ਅਨਾਥ ਘੁੰਗਣੀਆ ਵੇਚਣ ਵਾਲੇ ਭਾਈ ਜੇਠੇ ਉਤੇ ਪਹਿਲਾਂ ਮੰਗਣੀ ਤੇ ਫਿਰ ਵਿਆਹ ਹੋ ਗਿਆ ਭਾਈ ਜੇਠੇ ਦਾ ਬੀਬੀ ਭਾਨੀ ਨਾਲ। ਸ੍ਰੀ ਗੁਰੂ ਅਮਰਦਾਸ ਜੀ ਨੂੰ ਬਾਬਾ ਜੇਠਾ ਜੀ ਨੇ ਆਪਣੇ ਸਹੁਰੇ ਤੋਂ ਜ਼ਿਆਦਾ ਆਪਣੇ ਇਸ਼ਟ-ਗੁਰੂ ਦੇ ਰੂਪ ਵਿਚ ਵੇਖਿਆ। ਗੁਰੂ ਘਰ ਦੀ ਬੇਟੀ ਨਾਲ ਵਿਆਹ ਹੋਣ ਦੇ ਬਾਵਜੂਦ ਆਪ ਸੰਸਾਰਕ ਸੰਬੰਧਾਂ ਤੋਂ ਉਚੇਰੇ ਹੋ ਕੇ, ਲੋਕਾਚਾਰੀ ਅਤੇ ਲੋਕਲਾਜ ਦੀ ਪ੍ਰਵਾਹ ਨਾ ਕਰਦੇ ਹੋਏ ਗੁਰੂ ਘਰ ਦੀ ਸੇਵਾ ਅਤੇ ਟਹਿਲ ਵਿਚ ਨਿਰੰਤਰ ਲਗੇ ਰਹੇ। ਆਪ ਦੀ ਸੇਵਾ ਤੋਂ ਖੁਸ਼ ਹੋ ਸ੍ਰੀ ਗੁਰੂ ਅਮਰਦਾਸ ਜੀ ਆਪ ਨੂੰ ਰਾਮਦਾਸ ਹੀ ਸਦਿਆ ਕਰਦੇ ਸਨ। ਸਮਾਂ ਪਾ ਕੇ ਆਪ ਜੀ ਦੇ ਘਰ ਤਿੰਨ ਸਪੁੱਤਰ ਪੈਦਾ ਹੋਏ ਬਾਬਾ ਪ੍ਰਿਥੀ ਚੰਦ ਜੀ, ਬਾਬਾ ਮਹਾਂਦੇਵ ਜੀ, ਬਾਬਾ ਅਰਜਨ ਦੇਵ ਜੀ। ਸ੍ਰੀ ਗੁਰੂ ਅਮਰਦਾਸ ਜੀ ਨੇ ਬਾਬਾ ਜੇਠਾ ਦੀ ਪਹਿਲੇ ਗੁਰੂ ਸਾਹਿਬਾਨ ਵਾਂਗ ਹੀ ਪਰਖ ਕੀਤੀ। ਅੰਤ ਆਪ ਸਾਰੀਆਂ ਪ੍ਰੀਖਿਆਵਾਂ ਵਿਚੋਂ ਸਫਲ ਹੋ ਕੇ ਨਿਤਰੇ। ਸ੍ਰੀ ਗੁਰੂ ਅਮਰਦਾਸ ਜੀ ਨੇ 1574 ਈ.ਨੂੰ ਆਪ ਜੀ ਨੂੰ ਗੁਰਤਾਗੱਦੀ ਤੇ ਬਿਰਾਜਮਾਨ ਕੀਤਾ ਅਤੇ ਆਪ ਜੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਨਾਲ ਨਿਵਾਜਿਆ।

ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਪੁਰ ਆਪ ਗੋਇੰਦਵਾਲ ਛੱਡ ਅੰਮ੍ਰਿਤਸਰ ਆ ਰਹੇ। ਅੰਮ੍ਰਿਤਸਰ ਗੈਜ਼ਟੀਅਰ ਅਨੁਸਰ 1577 ਈ. ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੀ ਥਾਂ ਅਤੇ ਨਾਲ ਲਗਦੀ 500 ਵਿਘੇ ਜ਼ਮੀਨ ਅਕਬਰ ਤੋਂ ਜਗੀਰ ਵਿਚ ਨਹੀਂ ਲਈ ਤੇ ਉਸ ਦੇ ਬਦਲੇ ਤੁੰਗ ਪਿੰਡ ਦੇ ਜ਼ਿਮੀਦਾਰ ਜੋ ਉਸ ਜ਼ਮੀਨ ਦੇ ਮਾਲਕ ਸਨ ਨੂੰ 700 ਅਕਬਰੀ ਰੁਪਏ ਦਿੱਤੇ। ਗੁਰੂ ਸਾਹਿਬ ਜੀ ਨੇ ਸਰੋਵਰ ਦੀ ਖੁਦਾਈ ਕਰਵਾਈ ਅਤੇ ਸ਼ਹਿਰ ਦੀ ਨੀਂਹ ਰੱਖੀ ਜਿਸ ਨੂੰ ਉਸ ਵੇਲੇ ਚੱਕ ਗੁਰੂ ਰਾਮਦਾਸ ਜਾਂ ਰਾਮਦਾਸਪੁਰ ਕਹਿੰਦੇ ਸਨ। ਆਪ ਜੀ ਨੇ 52 ਵੱਖ-ਵੱਖ ਕੰਮਾਂ (ਕਿੱਤੇ) ਵਾਲੇ ਕਾਰੀਗਰ ਲੋਕਾਂ ਨੂੰ ਸੱਦ ਗੁਰੂ ਕਾ ਬਜ਼ਾਰ ਵਿਖੇ ਆਪੋ ਆਪਣੇ ਕਾਰੋਬਾਰ ਚਲਾਉਣ ਲਈ ਸੱਦਿਆ। ਸਮੇਂ ਦੇ ਬੀਤਣ ਨਾਲ ਇਹ ਸ਼ਹਿਰ ਉਤਰੀ ਭਾਰਤ ਵਿੱਚ ਵਪਾਰ ਦਾ ਪ੍ਰਮੁੱਖ ਕੇਂਦਰ ਬਣ ਗਿਆ। ਗੁਰੂ ਸਾਹਿਬ ਜੀ ਨੇ ਆਪਣੀ ਰਿਹਾਇਸ਼ ਦੇ ਲਈ ਮਕਾਨ ਦੀ ਉਸਾਰੀ ਕਰਵਾਈ ਜੋ ਬਾਅਦ ਵਿਚ ਗੁਰੂ ਕੇ ਮਹਿਲ ਕਰਕੇ ਪ੍ਰਸਿੱਧ ਹੋਇਆ।

ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਵਸਾਏ ਨਗਰ ਵਿੱਚ ਲੰਗਰ ਸੰਸਥਾ ਉਸੇ ਤਰ੍ਹਾਂ ਬਰਕਰਾਰ ਸੀ ਜਿਵੇਂ ਕਿ ਕਰਤਾਰਪੁਰ, ਖਡੂਰ ਸਾਹਿਬ ਅਤੇ ਗੋਇੰਦਵਾਲ ਸਾਹਿਬ ਵਿਚ ਪ੍ਰਚਲਿਤ ਸੀ। ਸਿੱਖ ਸੰਗਤਾਂ ਦੀ ਸੁਚੱਜੀ ਦੇਖ ਰੇਖ ਵਾਸਤੇ ਗੁਰੂ ਅਮਰਦਾਸ ਜੀ ਨੇ ਮੰਜੀਆਂ ਤਾਂ ਸਥਾਪਤ ਕਰ ਹੀ ਦਿੱਤੀਆ ਸਨ ਹੁਣ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਵੀ ਸ਼ੁਰੂ ਕਰ ਦਿੱਤੀ ਸੀ। ਸਿੱਖੀ ਪ੍ਰਚਾਰ ਤੇ ਪ੍ਰਸਾਰ ਦੇ ਨਾਲ ਨਾਲ ਮਸੰਦ ਗੁਰਸਿੱਖਾਂ ਕੋਲੋਂ ਕਾਰ ਭੇਟਾ ਇਕੱਤਰ ਕਰਕੇ ਗੁਰੂ ਦਰਬਾਰ ਵਿਖੇ ਪਹੁੰਚਾਉਣ ਦਾ ਕਾਰਜ ਵੀ ਕਰਦੇ ਸਨ। ਸਿੱਖ ਨਿਤਨੇਮ ਨੂੰ ਨੀਯਮਬੱਧ ਕਰਦੇ ਹੋਏ ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਹਰ ਗੁਰਸਿੱਖ ਬਹਦਿੰਆਂ ਉਠਦਿਆਂ ਹਰਿ ਨਾਮੁ ਧਿਆਵੈ ਅਤੇ ਆਪਣੇ ਉਧਾਰ ਦੇ ਨਾਲ-ਨਾਲ ਸਮਾਜ ਪ੍ਰਤੀ ਆਪਣੇ ਫਰਜ਼ ਨੂੰ ਨਿਭਾਉਂਦੇ ਹੋਏ ਆਪਿ ਜਪੈ ਅਵਰਹ ਨਾਮੁ ਜਪਾਵੈ। ਗੁਰਸਿੱਖ ਹਰੇਕ ਕੰਮ ਕਰਤਾਰ ਦੇ ਭਰੋਸੇ ਕਰੇ ਅਤੇ ਹਰੇਕ ਕੰਮ ਦੀ ਆਰੰਭਤਾ ਸਮੇਂ ਪਰਮਾਤਮਾ ਅਗੇ ਅਰਦਾਸ ਬੇਨਤੀ ਕਰੇ:

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।।**

**ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ।।**

ਪਹਿਲੇ ਤਿੰਨ ਗੁਰੂ ਸਾਹਿਬਾਨ ਦੁਆਰਾ ਰਚਿਤ ਬਾਣੀ ਦਾ ਖਜ਼ਾਨਾ ਸ੍ਰੀ ਗੁਰੂ ਰਾਮਦਾਸ ਜੀ ਕੋਲ ਮੌਜੂਦ ਸੀ। ਆਪ ਜੀ ਨੇ ਬਾਣੀ ਦੇ ਪਿਉ ਦਾਦੇ ਦੇ ਖਜ਼ਾਨੇ ਨੂੰ ਹੋਰ ਭਰਪੂਰ ਕਰਦੇ ਹੋਏ ਸੂਹੀ ਰਾਗ ਵਿਚ ਲਾਵਾਂ, ਵਡਹੰਸ ਰਾਗ ਵਿੱਚ ਘੋੜੀਆਂ, ਛੰਦ ਰਚੇ ਜਿਨ੍ਹਾਂ ਨੇ ਸਮਾਜ ਨੂੰ ਅਧਿਆਤਮਵਾਦੀ ਹੋਣ ਵੱਲ ਪ੍ਰੇਰਿਆ। ਗ੍ਰਹਿਸਥ ਧਰਮ ਨੂੰ ਪ੍ਰਧਾਨਤਾ ਦੇਂਦੇ ਹੋਏ ਆਪ ਨੇ ਫੁਰਮਾਇਆ ਕਿ ਗ੍ਰਹਿਸਥ ਧਰਮ ਵਿਚ ਇਸ ਤਰ੍ਹਾਂ ਜੀਵਨ ਬਤੀਤ ਕਰੋ ਜਿਵੇਂ ਪਾਣੀ ਵਿਚ ਕਮਲ ਦਾ ਫੁਲ। ਆਪ ਜੀ ਨੇ ਆਪਣੀ ਬਾਣੀ ਦੇ ਕੁਲ 679 ਸ਼ਬਦ 30 ਰਾਗਾਂ ਵਿਚ ਉਚਾਰੇ।

ਪ੍ਰਿਥੀਚੰਦ ਦੀਆਂ ਮੀਸਣੀਆ ਚਾਲਾਂ ਤੋਂ ਸੁਚੇਤ ਹੋ ਗੁਰੂ ਸਾਹਿਬ ਜੀ ਨੇ ਉਸਨੂੰ ਮੀਣਾ ਨਾਂ ਨਾਲ ਸੰਬੋਧਨ ਕੀਤਾ। ਮਹਾਂਦੇਵ ਜੀ ਜੋ ਕਿ ਵਿਰਕਤ ਸੁਭਾਅ ਦੇ ਸਨ ਗੁਰਮਤਿ ਦੇ ਅਨੁਕੂਲ ਨਹੀਂ ਸਨ। ਆਪ ਜੀ ਨੇ ਵੇਖ ਪਰਖਣ ਤੋਂ ਬਾਅਦ ਆਪਣੇ ਛੋਟੇ ਸਪੁੱਤਰ ਬਾਬਾ ਅਰਜਨ ਦੇਵ ਜੀ ਨੂੰ ਹੀ ਗੁਰਗੱਦੀ ਪਦ ਦੇ ਲਾਇਕ ਸਮਝਿਆ। ਪੂਰੀ ਸੋਚ ਵਿਚਾਰ ਤੇ ਪਰਖ ਪੜਤਾਲ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਤੋਂ ਗੁਰਗੱਦੀ ਦਾ ਤਿਲਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਇਆ। ਵੱਡਾ ਪੁੱਤਰ ਬਾਬਾ ਪ੍ਰਿਥੀਚੰਦ ਗੁਰਗੱਦੀ ਤੇ ਆਪਣਾ ਹੱਕ ਸਮਝਦਾ ਸੀ। ਉਸਨੇ ਪਿਤਾ ਗੁਰੂ ਰਾਮਦਾਸ ਸਾਹਿਬ ਜੀ ਨਾਲ ਏਸੇ ਕਾਰਨ ਝਗੜਾ ਵੀ ਕੀਤਾ। ਗੁਰੂ ਸਾਹਿਬ ਜੀ ਨੇ ਉਸਨੂੰ ਬਹੁਤੇਰਾ ਸਮਝਾਇਆ ਪਰ ਉਹ ਨਾ ਸਮਝਿਆ ਅੰਤ ਉਸ ਪ੍ਰਥਾਇ ਗੁਰੂ ਸਾਹਿਬ ਜੀ ਨੇ ਸ਼ਬਦ ਉਚਾਰਦੇ ਹੋਏ ਫੁਰਮਾਇਆ ਕਾਹੇ ਪੂਤ ਝਗਰਤ ਹਉ ਸੰਗਿ ਬਾਪ।। ਅੰਤਲੇ ਸਮੇਂ ਆਪ ਗੋਇੰਦਵਾਲ ਚਲੇ ਗਏ ਅਤੇ ਉਥੇ ਹੀ ਆਪ ਜੀ 1581 ਈ. ਨੂੰ ਜੋਤੀ ਜੋਤ ਸਮਾ ਗਏ।



## ਸਵਰਗੀ ਭਾਈ ਜੋਧ ਸਿੰਘ ਜੀ ਦੀ ਕਲਮ ਤੋਂ ਵਿਸ਼ੇਸ਼ ਲੇਖ .............

## ਸ੍ਰੀ ਗੁਰੂ ਸਿੰਘ ਸਭਾ ਲਹਿਰ ਸਮੇਂ ਭਾਈ ਵੀਰ ਸਿੰਘ ਜੀ ਦੀ ਭੂਮਿਕਾ



(ਅਜੋਕੇ ਸਮੇਂ ਦੀਆਂ ਪ੍ਰਸਿੱਧ ਸਿੱਖ ਸੰਸਥਾਵਾਂ ਦੀ ਸਿਰਜਨਾ ਵਿਚ ਸਾਲ 1873 ਈਸਵੀ ਨੂੰ ਹੋਂਦ ਵਿਚ ਆਈ ਸਿੰਘ ਸਭਾ ਲਹਿਰ ਦਾ ਨਿਗਰ ਯੋਗਦਾਨ ਹੈ। ਪਹਿਲੀ ਅਕਤੂਬਰ 2022 ਨੂੰ ਸਿੰਘ ਸਭਾ ਲਹਿਰ ਦੇ ਸਥਾਪਨਾ ਦਿਵਸ ਸਿੱਖ ਪੰਥ ਦੀਆਂ ਪ੍ਰਸਿੱਧ ਸੰਸਥਾਵਾਂ ਨੇ ਮਨਾਇਆ। ਇਸ ਲੜੀ ਦੀ ਨਿਰੰਤਰਤਾ ਵਿਚ ਚੀਫ਼ ਖ਼ਾਲਸਾ ਦੀਵਾਨ ਵੱਲੋਂ ਪ੍ਰਸਿੱਧ ਵਿਦਵਾਨ ਭਾਈ ਸਾਹਿਬ ਭਾਈ ਜੋਧ ਸਿੰਘ ਜੀ ਦਾ 'ਸਿੰਘ ਸਭਾ ਲਹਿਰ ਬਾਰੇ' ਲੇਖ ਅਸੀ ਪਾਠਕਾਂ ਦੀ ਸੇਵਾ ਵਿਚ ਪ੍ਰਕਾਸ਼ਤ ਕਰ ਰਹੇ ਹਾਂ -ਸੰਪਾਦਕ)

ਸਿੱਖ ਰਾਜ ਦੇ ਰਾਜ ਸਮੇਂ ਬ੍ਰਾਹਮਣਵਾਦ ਸਿੱਖ ਜਨਤਾ ਵਿਚ ਕਾਫ਼ੀ ਹਦ ਤੀਕ ਮੁੜ ਆ ਘੁੰਮਿਆਂ ਸੀ। ਸਿੱਖ ਸਰਦਾਰਾਂ ਸਾਹਮਣੇ ਲਕਸ਼ ਸਿੱਖੀ ਆਚਰਨ ਨਹੀਂ ਸੀ ਰਹਿਆ। ਬਹੁਤ ਸਾਰੇ ਸਿੱਖ ਸਰਦਾਰ ਮੁਗਲ ਸੂਬਿਆਂ ਵਾਂਗ ਐਸ਼ ਇਸ਼ਰਤ ਵਿਚ ਫਸ ਗਏ ਸਨ। ਸੱਤੀ ਦੀ ਰਸਮ ਵਿਰੁਧ ਤੀਜੇ ਅਤੇ ਪੰਜਵੇਂ ਗੁਰੂ ਜੀ ਨੇ ਪਰਚਾਰ ਕੀਤਾ ਸੀ ਪਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਸਮੇਂ ਕੁੱਝ ਰਾਣੀਆਂ, ਭਾਵੇਂ ਉਹ ਪਹਾੜਨਾਂ ਹੀ ਸਨ, ਜੀਂਦੀਆਂ ਮਹਾਰਾਜੇ ਦੀ ਚਿਤਾ ਪੁਰ ਬੈਠ ਕੇ ਉਨ੍ਹਾਂ ਦੇ ਨਾਲ ਸੜ ਗਈਆਂ। ਗੁਰੂ ਨਾਨਕ ਦੇਵ ਜੀ ਦੇ ਪਰਚਾਰ ਮਗਰੋਂ ਸੱਤੀ ਹੋਣ ਦਾ ਇਹ ਪਹਿਲਾ ਵਾਕਿਆ ਸਿੱਖ ਇਤਿਹਾਸ ਵਿਚ ਦਰਜ ਹੈ। ਸ੍ਰੀ ਹਰਿਮੰਦਰ ਦੀ ਪਰਕਰਮਾ ਵਿਚ ਪੰਡਿਤ ਠਾਕਰ ਲੇ ਕੇ ਬੈਠਦੇ ਸਨ। ਉਹ ਆਪ ਉਨ੍ਹਾਂ ਦੀ ਪੂਜਾ ਕਰਦੇ ਸਨ ਅਤੇ ਨਾਲ ਹੀ ਸ੍ਰੀ ਹਰਿਮੰਦਰ ਦੇ ਦਰਸ਼ਨਾਂ ਨੂੰ ਆਏ ਹਿੰਦੂ ਅਤੇ ਸਿੱਖ ਉਨ੍ਹਾਂ ਅਗੇ ਸਿਰ ਨਿਵਾਂਦੇ ਅਤੇ ਚਰਨਾਮ੍ਰਤ ਲੈਂਦੇ ਸਨ। ਬ੍ਰਹਮ ਬੂਟੇ ਦੇ ਅਖਾੜੇ ਦੇ ਸਾਹਮਣੇ ਇਕ ਬੋਹੜ ਦਾ ਰੁੱਖ ਹੈ। ਉਸ ਦੇ ਇਰਦ ਗਿਰਦ ਇਕ ਪੱਕਾ ਥੜਾ ਬਣਿਆ ਹੋਇਆ ਸੀ, ਜਿਸ ਪੁਰ ਇਕ ਸ਼ਿਵਲਿੰਗ ਸਥਾਪਿਤ ਸੀ। ਸਿੱਖਾਂ ਦੇ ਜਨਮ ਮਰਨ, ਵਿਆਹ ਢੰਗਾਂ ਉਤੇ ਫਿਰ ਮੁੜ ਉਸੇ ਤਰ੍ਹਾਂ ਬ੍ਰਾਹਮਣਾ ਪਾਸੋਂ ਗ੍ਰਹਿ ਪੂਜਣ, ਕਿਰਿਆ ਕਰਮ ਕਰਨ ਅਤੇ ਚੌਕ ਪੂਰਨ ਦਾ ਰਿਵਾਜ ਚਲ ਪਿਆ ਸੀ। ਗੁਰਮਰਯਾਦਾ ਤਾਂ ਸਭ ਨੂੰ ਵਿਸਰ ਹੀ ਗਈ ਸੀ। ਫ਼ੌਜਾਂ ਵਿਚ ਉਚ ਆਚਰਨ ਨਹੀਂ ਸੀ ਰਹਿਆ ਜਿਸ ਦਾ ਜ਼ਿਕਰ ਕਾਜ਼ੀ ਨੂਰ ਮੁਹੰਮਦ ਨੇ ਜੋ ਅਹਮਦ ਸ਼ਾਹ ਦੁਰਾਨੀ ਨਾਲ ਆਇਆ ਸੀ, ਆਪਣੀ ਲਿਖਤ ਵਿਚ ਕੀਤਾ ਹੈ। ਉਹ ਕਾਫ਼ੀ ਮੁਤਅੱਸਬ ਸ਼ਾਇਰ ਸੀ। ਸਿੰਘ ਦੀ ਥਾਂ ਆਪਣੀ ਕਵਿਤਾ ਵਿਚ ਉਸ ਨੇ ਫ਼ਾਰਸੀ ਸ਼ਬਦ 'ਸਗ' ਜਿਸ ਦਾ ਅਰਥ ਕੁੱਤਾ ਹੇ ਵਰਤਿਆ ਹੈ। ਪਰ ਇਕ ਅਧਿਆਇ ਵਿਚ ਇਨ੍ਹਾਂ ਦੀ ਬਹਾਦਰੀ ਵੇਖ ਕੇ ਉਹ ਇਨ੍ਹਾਂ ਦੀ ਉਸਤਤ ਕਰਨੋਂ ਨਾ ਰਹਿ ਸਕਿਆ।ਜੰਗ ਵਿਚ ਦਲੇਰੀ ਅਤੇ ਬੰਦੂਕ ਨਾਲ ਨਿਸ਼ਾਨਾ ਫੁੰਡਣ ਤੋਂ ਬਿਨ੍ਹਾਂ ਉਹ ਲਿਖਦਾ ਹੈ ਕਿ ਕੁੱਤੇ ਕਿਸੇ ਤੀਵੀ੍ਂ ਉਤੇ ਭਾਵੇਂ ਉਹ ਗੋਲੀ ਹੋਵੇ ਜਾਂ ਰਾਣੀ ਹੱਥ ਨਹੀਂ ਚੁੱਕਦੇ, ਨਾ ਨਠਦਿਆਂ ਨੂੰ ਰੋਕ ਕੇ ਮਾਰਦੇ ਹਨ। ਕੋਈ ਤੀਵੀਂ ਸਾਹਮਣੇ ਆ ਜਾਏ ਤਾ ਉਸ ਨੂੰ ਆਖਦੇ ਹਨ ਬੁੱਢੀਏ ਰਾਹ ਵਿਚੋਂ ਪਰ੍ਹੇ ਹੋ ਜਾ। ਇਨ੍ਹਾਂ ਵਿਚ ਚੋਰ ਅਤੇ ਜ਼ਨਾਕਾਰ ਕੋਈ ਨਹੀਂ ਹੁੰਦਾ। ਪਰ ਕਵੀ ਸ਼ਾਹ ਮੁਹੰਮਦ, ਜਦੋਂ ਫ਼ੌਜਾਂ ਅੰਗ੍ਰੇਜ਼ਾਂ ਨਾਲ ਜੰਗ ਕਰਨ ਲਈ ਤਿਆਰ ਹੋਈਆਂ, ਤਾਂ ਸਿਪਾਹੀਆਂ ਬਾਬਤ ਲਿਖਦਾ ਹੈ: ਅਸੀਂ ਲੰਡਨ ਮਾਰ ਕੇ ਉਨ੍ਹਾਂ ਦੇ ਸਤਰਖ਼ਾਨਿਆਂ ਵਿਚ ਵੜ ਕੇ ਉਨ੍ਹਾਂ ਦੀਆਂ ਗੋਰੀਆਂ ਬੰਨ੍ਹ ਲਿਆਵਾਂਗੇ। ਇਹ ਆਚਰਨ ਦੀ ਗਿਰਾਵਟ ਹੀ ਸੀ ਜਿਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਸਿੱਖ ਰਾਜ ਨੂੰ ਨਸ਼ਟ ਕੀਤਾ।

ਡਾ.ਗੰਡਾ ਸਿੰਘ ਕੁੱਝ ਉਘੇ ਸਜਣਾਂ ਦੇ ਨਾਮ ਲਿਖਦੇ ਹਨ, ਜਿਨ੍ਹਾਂ ਸਿੱਖ ਰਾਜ ਸਮੇਂ ਇਸ ਪਾਸੇ ਜਤਨ ਕੀਤੇ। ਅਨੰਦਪੁਰ ਵਿਚ ਬਾਬਾ ਨੈਣਾ ਸਿੰਘ ਨਿਹੰਗ ਜਿਨ੍ਹਾਂ ਦੇ ਅਨੁਸਾਰੀ ਬਾਬਾ ਫੂਲਾ ਸਿੰਘ ਨਿਹੰਗ ਹੋਏ। ਮਾਝੇ ਵਿਚ ਡੇਰਾ ਬਾਬਾ ਬੰਦਾ ਸਿੰਘ (ਰਿਆਸਤ ਜੰਮੂ) ਦੇ ਮਹੰਤ ਬਾਬਾ ਜੁਝਾਰ ਸਿੰਘ ਨੇ ਲੋਕਾਂ ਨੂੰ ਸਿੱਖੀ ਵਲ ਪ੍ਰੇਰਿਤ ਕੀਤਾ ਅਤੇ ਬਾਬਾ ਸਾਹਿਬ ਸਿੰਘ ਬੇਦੀ ਦਾ ਸਿੱਖ ਸਰਦਾਰਾਂ ਅਤੇ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਉੱਪਰ ਬੜਾ ਅਸਰ ਸੀ। ਮਾਲਵੇ ਵਿਚ ਨਿਰਮਲੇ ਸੰਤ ਸਨ ਅਤੇ ਲਹਿੰਦੇ ਵਿਚ ਅਡਣ ਸ਼ਾਹੀ ਸੰਤਾਂ ਦਾ ਬੜਾ ਪਰਚਾਰ ਸੀ।

ਪਰੰਤੂ ਬ੍ਰਾਹਮਣਵਾਦ ਅਤੇ ਦੇਵੀ ਦੇਵਤਿਆਂ ਅਤੇ ਬੁੱਤ-ਪੁਜਾ ਤੋਂ ਸਿੱਖਾਂ ਨੂੰ ਹਟਾਉਣ ਲਈ ਪਹਿਲਾ ਜਥੇਬੰਦ ਕੰਮ ਬਾਬਾ ਦਇਆਲ ਜੀ ਜੋ ਅਸਲੀ ਨਿਰੰਕਾਰੀ ਲਹਿਰ ਦੇ ਮੋਢੀ ਸਨ ਨੇ ਰਾਵਲ ਪਿੰਡੀ ਵਿਚ ਅਰੰਭਿਆ।ਸੰਨ 1808 ਵਿਚ ਉਹ ਰਾਵਲਪਿੰਡੀ ਆਏ ਅਤੇ ਉਥੇ ਪੰਸਾਰੀ ਦੀ ਦੁਕਾਨ ਖੋਲ੍ਹ ਲਈ ਉਸ ਵਕਤ ਤੀਕ ਨਾਨਕਿਆਂ ਤੇ ਦਾਦਕਿਆਂ ਤੋਂ ਮਿਲੀ ਸਿੱਖੀ ਦੀ ਦਾਤ ਸਨਮੁਖ ਆਪ ਨੂੰ ਸਿੱਖ ਧਰਮ ਦਾ ਕਾਫ਼ੀ ਗਿਆਨ ਹੋ ਗਿਆ ਸੀ। ਉਹ ਰੋਜ਼ ਪਸ਼ੌਰੀਆਂ ਦੀ ਧਰਮਸਾਲ ਵਿਚ ਅੰਮ੍ਰਿਤ ਵੇਲੇ ਜਾਂਦੇ, ਕੀਰਤਨ ਸੁਣਦੇ ਅਤੇ ਸੰਧਿਆ ਸਮੇਂ ਰਹਿਰਾਸ ਦੇ ਪਾਠ ਲਈ ਵੀ ਹਾਜ਼ਰ ਹੁੰਦੇ। ਉਥੇ ਹੀ ਉਨ੍ਹਾਂ ਨੇ ਮਨਮਤ ਦੇ ਵਿਰੁੱਧ ਪ੍ਰਚਾਰ ਅਰੰਭਿਆ ਅਤੇ ਸਿੱਖਾਂ ਨੂੰ ਬ੍ਰਾਹਮਣਵਾਦ ਤੋਂ ਮੁਕਤ ਹੋਣ ਲਈ ਉਪਦੇਸ਼ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਭਾਈ ਚਰਨ ਦਾਸ ਭੇਰਾ ਨਿਵਾਸੀ ਦੀ ਲੜਕੀ ਮੂਲਾ ਦੇਵੀ ਨਾਲ ਆਪਣੀ ਸ਼ਾਦੀ ਵੇਲੇ ਗੁਰਬਾਣੀ ਅਤੇ ਅਰਦਾਸ ਤੋਂ ਕੰਮ ਲਇਆ ਅਤੇ ਚੇਤ੍ਰ ਦੇ ਮਹੀਨੇ ਵਿਚ ਜਿਸ ਨੂੰ ਬ੍ਰਾਹਮਣ ਅਭਾਗਾ ਸਮਝਦੇ ਹਨ, ਇਹ ਕਾਜ ਨਿਬਾਹਿਆ। ਕਹਿੰਦੇ ਹਨ ਕਿ ਬਾਬਾ ਦਇਆਲ ਜੀ ਦੀ ਮਹਿਮਾ ਸੁਣ ਕੇ ਮਹਾਰਾਜਾ ਰਣਜੀਤ ਸਿੰਘ ਜਦੋਂ ਉਹ ਇਕੇਰਾਂ ਰਾਵਲਪਿੰਡੀ ਗਏ ਤਾਂ ਉਹ ਬਾਬਾ ਦਇਆਲ ਜੀ ਦੇ ਦਰਸ਼ਨ ਲਹੀ ਹਾਜ਼ਰ ਹੋਏ। ਬ੍ਰਾਹਮਣਾਂ ਅਤੇ ਬ੍ਰਾਹਮਣਵਾਦੀ ਸਿੱਖਾਂ ਅਤੇ ਹਿੰਦੂਆ ਵੱਲੋਂ ਮਹਾਰਾਜੇ ਦੇ ਇਸ ਫੈਸਲੇ ਦਾ ਤਕੜਾ ਵਿਰੋਧ ਹੋਇਆ। ਖੂਹਾਂ ਤੋਂ ਪਾਣੀ ਭਰਨਾ ਬੰਦ ਕੀਤਾ ਗਿਆ, ਨਿਰੰਕਾਰੀ ਲੋਕ, ਬ੍ਰਾਦਰੀਆਂ ਵਿਚੋਂ ਛੇਕੇ ਗਏ। ਇਥੋਂ ਤੀਕ ਕਿ ਰਾਵਲਪਿੰਡੀ ਸ਼ਹਿਰ ਦੀ ਸ਼ਮਸ਼ਾਨ ਭੂਮੀ ਵਿਚ ਇਨ੍ਹਾਂ ਦੇ ਮੁਰਦੇ ਸੜਨ ਪੁਰ ਵੀ ਰੋਕ ਲਾਈ ਗਈ। ਪਰੰਤੂ ਬਾਬਾ ਜੀ ਅਤੇ ਮਗਰੋਂ ਉਨ੍ਹਾਂ ਦੇ ਸਪੁੱਤਰ ਬਾਬਾ ਦਰਬਾਰਾ ਸਿੰਘ ਨੇ ਇਸ ਦੀ ਕੱਖ ਪਰਵਾਹ ਨਾ ਕੀਤੀ ਅਤੇ ਗੁਰਮਤਿ ਦੇ ਪ੍ਰਚਾਰ ਅਤੇ ਮਨਮਤ ਦੇ ਪ੍ਰਹਾਰ ਵਿਚ ਜੁਟੇ ਰਹੇ। ਦੇਸ਼ ਦੀ ਵੰਡ ਮਗਰੋਂ ਨਿਰੰਕਾਰੀ ਦਰਬਾਰ ਦੀ ਸਥਾਪਨਾ ਚੰਡੀਗੜ੍ਹ ਸੈਕਟਰ 21 ਵਿਚ ਕੀਤੀ ਗਈ ਅਤੇ ਉਥੇ ਰੋਜ਼ਾਨਾ ਸਤਿਸੰਗ ਅਤੇ ਗੁਰਮਤਿ ਦਾ ਪ੍ਰਚਾਰ ਜਾਰੀ ਕੀਤਾ ਗਿਆ। ਬਾਬਾ ਦਰਬਾਰਾ ਸਿੰਘ ਜੀ ਨੇ ਚਾਰ ਅਸੂਲ ਇਸ ਲਹਿਰ ਦੇ ਥਾਪੇ ਸਨ: 1) ਇਕ ਨਿਰੰਕਾਰ ਤੋਂ ਬਿਨ੍ਹਾਂ ਹੋਰ ਕਿਸੇ ਦੀ ਪੂਜਾ ਨਹੀ ਕਰਨੀ। 2) ਮਾਤਾ ਪਿਤਾ ਦੀ ਇਜ਼ਤ ਅਤੇ ਸੇਵਾ ਕਰਨੀ। 3) ਆਪਣੀ ਉਪ-ਜੀਵਕਾ ਨਿਰਮਲ ਵਿਹਾਰ ਤੋਂ ਤੋਰਨੀ 4) ਵਿਕਾਰਾਂ ਤੋਂ ਬਚਣਾ।

ਨਿਰਸੰਦੇਹ ਆਰੰਭ ਵਿਚ ਨਿਰੰਕਾਰੀ ਤੇ ਨਾਮਧਾਰੀ ਲਹਿਰਾਂ ਨੇ ਸੁਧਾਰ ਦਾ ਕਾਫੀ ਕੰਮ ਕੀਤਾ, ਪਰ ਇਹ ਸਾਰੇ ਸਿੱਖ ਜਗਤ ਨੂੰ ਆਪਣੇ ਘੇਰੇ ਵਿਚ ਨਾ ਲੈ ਸਕੀਆਂ ਅਤੇ ਨਿਰਾ ਸੰਪ੍ਰਦਾਵਾਂ ਬਣ ਕੇ ਰਹਿ ਗਈਆਂ। ਨਿਰਮਲਿਆਂ ਅਤੇ ਨਿਹੰਗਾਂ ਵਿਚ ਇਹ ਪਰਪਾਟੀ ਸੀ ਕਿ ਜਿਸ ਪਾਸੋਂ ਅੰਮ੍ਰਿਤ ਛਕ ਕੇ ਪੰਥ ਵਿਚ ਦਾਖਿਲ ਹੁੰਦੇ, ਉਸ ਨੂੰ ਆਪਣਾ ਗੁਰੂ ਮੰਨਦੇ। ਇਹੋ ਹਾਲ ਉਦਾਸੀਆਂ ਦਾ ਸੀ। ਇਸ ਲਈ ਇਨ੍ਹਾਂ ਲਹਿਰਾਂ ਦੇ ਅਨੁਯਾਈਆਂ ਦਾ ਆਪਣੇ ਉਪਦੇਸ਼ ਕਰਨ ਵਾਲਿਆਂ ਨੂੰ ਗੁਰੂ ਮੰਨਣਾ ਕੋਈ ਅਨੋਖੀ ਗੱਲ ਨਹੀਂ ਸੀ। ਪਰ ਚਵ੍ਹਾਂ ਤਖ਼ਤਾਂ ਤੇ ਅਰਦਾਸ ਵਿਚ ਦਸਾਂ ਗੁਰੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨ੍ਹਾਂ ਕਿਸੇ ਹੋਰ ਵਿਅਕਤੀ ਦਾ ਗੁਰੂ ਦੇ ਤੌਰ ਪੁਰ ਨਾਮ ਲੈਣਾ ਵਰਜਿਤ ਸੀ, ਇਸ ਲਈ ਇਹ ਗੱਲ ਸਿੱਖਾਂ ਵਿਚ ਇਤਰਾਜ਼ ਜੋਗ ਗਿਣੀ ਗਈ ਅਤੇ ਆਮ ਸਿੱਖ ਜਨਤਾ ਨੇ ਇਸ ਨੂੰ ਕਬੂਲ ਨਾ ਕੀਤਾ। ਸਿੱਖਾਂ ਵਿਚ ਜਾਗ੍ਰਿਤ ਲਿਆਉਣ ਦਾ ਕਾਰਨ ਈਸਾਈ ਪਾਦਰੀ ਅਤੇ ਪੰਡਿਤ ਸ਼ਰਧਾ ਰਾਮ ਫਿਲੌਰੀ ਵੀ ਬਣੇ। ਸਿੱਖ ਰਾਜ ਦੇ ਖ਼ਤਮ ਹੋ ਜਾਣ ਨਾਲ ਜਦੋਂ ਅੰਗਰੇਜ਼ੀ ਰਾਜ ਲਾਹੌਰ ਵਿਚ ਕਾਇਮ ਹੋਇਆ ਤਾਂ ਕਈ ਥਾਂ ਮਿਸ਼ਨ ਸਕੂਲ ਖੁਲ੍ਹ ਗਏ। ਇਕ ਸਕੂਲ ਵਿਚ ਸ੍ਰੀ ਅੰਮ੍ਰਿਤਸਰ ਵਿਚ ਵੀ ਜਾਰੀ ਕੀਤਾ ਗਿਆ। ਸਰ ਜਾਨ ਲਾਰੰਸ ਜੋ ਸ਼ਾਸਨ ਕਰਨ ਵਾਲੀ ਤ੍ਰਿਕੜੀ ਦਾ ਮੈਂਬਰ ਸੀ, ਉਹ ਆਪਣੇ ਪੱਲਿਉਂ 500/-ਰੁਪਏ ਮਹੀਨਾ ਈਸਾਈ ਮਿਸ਼ਨ ਨੂੰ ਪ੍ਰਦਾਨ ਕਰਦਾ ਸੀ। ਪੰਡਿਤ ਸ਼ਰਧਾ ਰਾਮ ਫਿਲੌਰੀ ਨੂੰ ਅੰਗਰੇਜ਼ਾਂ ਨੇ ਸਿੱਖਾਂ ਦਾ ਇਤਿਹਾਸ ਲਿਖਣ ਦਾ ਕੰਮ ਸੌਂਪਿਆ ਸੀ। ਇਕ ਸੱਜਣ ਸ਼ਾਮ ਨੂੰ ਗੁਰੂ ਦੇ ਬਾਗ ਵਿਚ ਇਕ ਇੱਕਠ ਕਰ ਲੈਂਦਾ ਅਤੇ ਸਿੱਖਾਂ ਅਤੇ ਸਿੱਖੀ ਵਿਰੁੱਧ ਵਖਿਆਨ ਕਰਦਾ ਸੀ। ਪਰ ਜਦੋਂ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ, ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਨੇ ਕਾਲਜ ਦਾਖਲ ਹੋਣ ਲਈ ਈਸਾਈ ਬਣ ਜਾਣ ਦਾ ਇਰਾਦਾ ਪ੍ਰਗਟ ਕੀਤਾ ਤਾਂ ਅੰਮ੍ਰਿਤਸਰ ਦੇ ਸਿੱਖਾਂ ਵਿਚ ਹਲਚਲ ਮਚ ਗਈ।ਇਹ ਚਾਰੇ ਮੁੰਡੇ ਦਾਖਲਾ ਲੈਣ ਦੇ ਹਰ ਤਰ੍ਹਾਂ ਯੋਗ ਸਨ ਪਰ ਕੇਸਾਧਾਰੀ ਹੋਣ ਕਾਰਨ ਦਾਖਲ ਨਹੀਂ ਸਨ ਕੀਤੇ ਜਾ ਰਹੇ। ਮੁੰਡਿਆਂ ਨੂੰ ਤਾਂ ਸਮਝਾ ਬੁਝਾ ਕੇ ਈਸਾਈ ਹੋਣੋਂ ਰੋਕ ਲੀਤਾ ਗਇਆ, ਪਰ

ਇਸ ਢਾਹ ਦੇ ਰੋਕਣ ਦਾ ਕੀ ਪ੍ਰਬੰਧ ਹੋਣਾ ਚਾਹੀਦਾ ਹੈ, ਇਸ ਵਿਚਾਰ ਲਈ ਕੁੱਝ ਪੜ੍ਹੇ ਲਿਖੇ ਵਿਚਾਰਵਾਨ ਸੱਜਣਾਂ ਦਾ ਇੱਕਠ ਮਜੀਠੀਆਂ ਦੇ ਬੁੰਗੇ ਵਿਚ ਅੱਸੂ ਸੁਦੀ 10, ਸੰਮਤ 1930 ਨੂੰ ਹੋਇਆ। ਸੋਚ ਵਿਚਾਰ ਮਗਰੋਂ ਸਿੰਘ ਸਭਾ ਕਾਇਮ ਕਰਨ ਦੀ ਵਿਉਂਤ ਕਢੀ ਗਈ, ਜਿਸ ਦੇ ਮੰਤਵ ਇਹ ਥਾਪੇ ਗਏ:-

1) ਸਿੱਖ ਧਰਮ ਨੂੰ ਆਪਣੇ ਅਸਲੀ ਰੂਪ ਵਿਚ ਮੁੜ ਪ੍ਰਗਟ ਕਰਨਾ।
2) ਧਾਰਮਿਕ ਅਤੇ ਇਤਿਹਾਸਕ ਪੁਸਤਕਾਂ ਸੰਪਾਦਨ ਕਰਕੇ ਪ੍ਰਕਾਸ਼ਿਤ ਕਰਨੀਆਂ।
3) ਪੰਜਾਬੀ ਬੋਲੀ ਦੇ ਮਾਧਿਅਮ ਰਾਹੀਂ ਵਰਤਮਾਨ ਵਿਦਿਆ ਦਾ ਪਰਚਾਰ ਕਰਨਾ ਅਤੇ ਅਖ਼ਬਾਰਾਂ ਅਤੇ ਰਸਾਲੇ ਜਾਰੀ ਕਰਨੇ।
4) ਕੁਰਾਹੇ ਜਾਂਦਿਆਂ ਨੂੰ ਮੁੜ ਸਿੱਖ ਧਰਮ ਵਿਚ ਸਾਮਿਲ ਕਰਨਾ।
5) ਸਿੱਖਾਂ ਦੇ ਵਿਦਿਅਕ ਪ੍ਰੋਗਰਾਮਾਂ ਵਿਚ ਉੱਚੀਆਂ ਪਦਵੀਆਂ ਪੁਰ ਅਸਥਾਪਿਤ ਅੰਗਰੇਜ਼ਾਂ ਦੀ ਦਿਲਚਸਪੀ ਅਤੇ ਸਹਿਕਾਰਤਾ ਪ੍ਰਾਪਤ ਕਰਨੀ।

ਭਾਈ ਵੀਰ ਸਿੰਘ ਜੀ ਦਾ ਜਨਮ ਮਾਨੋ ਇਸ ਲਹਿਰ ਦੇ ਆਰੰਭ ਵਿਚ ਹੀ ਹੋਇਆ। ਆਪ ਨੇ 5 ਦਸੰਬਰ 1872 ਵਿਚ ਜਨਮ ਲਇਆ ਅਤੇ ਇਹ ਲਹਿਰ 1873 ਵਿਚ ਅੰਮ੍ਰਿਤਸਰ ਸਿੰਘ ਸਭਾ ਦੀ ਕਾਇਮੀ ਨਾਲ ਆਰੰਭ ਹੋਈ। ਆਪ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਜੀ ਇਸ ਸਭਾ ਦੇ ਮੋਢੀਆਂ ਵਿਚੋਂ ਸਨ। ਆਪ ਦੇ ਪਿਤਾ ਡਾਕਟਰ ਚਰਨ ਸਿੰਘ ਜੀ ਵੀ ਇਸ ਦੇ ਪ੍ਰੋੜ੍ਹਤਾਕਾਰ ਸਨ। ਇਸ ਲਈ ਉਨ੍ਹਾਂ ਦਾ ਪਾਲਣ ਪੋਸ਼ਣ ਨਵੇਂ ਖਿਆਲਾਂ ਦੇ ਪਰਸਾਰ ਦੇ ਸਮੇਂ ਵਿਚ ਹੀ ਹੋਇਆ। ਆਪ ਨੇ ਮਿਸ਼ਨ ਸਕੂਲ ਤੋਂ ਹੀ 1891 ਵਿਚ ਮੈਟਰਿਕ ਦਾ ਇਮਤਿਹਾਨ ਪਾਸ ਕੀਤਾ ਤੇ ਡਿਸਟ੍ਰਿਕਟ ਬੋਰਡ ਦਾ ਸੋਨੇ ਦਾ ਤਮਗਾ ਪ੍ਰਾਪਤ ਕੀਤਾ। ਸ੍ਰੀ ਅੰਮ੍ਰਿਤਸਰ ਵਿਚ ਗੁਰਮੁਖੀ ਲਿਪੀ ਵਿਚ ਪੰਜਾਬੀ ਦੀਆਂ ਪੁਸਤਕਾਂ ਛਾਪਣ ਵਾਲਾ ਕੋਈ ਵੱਡਾ ਛਾਪੇਖਾਨਾ ਨਹੀਂ ਸੀ। ਆਪ ਨੇ ਭਾਈ ਵਜ਼ੀਰ ਸਿੰਘ ਨਾਲ ਰਲ ਕੇ ਵਜ਼ੀਰ ਹਿੰਦ ਪ੍ਰੈਸ ਦੀ ਬੁਨਿਆਦ ਰਖੀ। ਪੰਥ ਵਿਚ ਸੁਧਾਰਕ ਲਹਿਰ ਅਨੁਸਾਰ ਸਿੱਖ ਆਦਰਸ਼ਾਂ ਦਾ ਪ੍ਰਚਾਰ ਕਰਨ ਲਈ ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਅਸਥਾਪਨਾ ਵਿਚ ਬਹੁਤ ਵੱਡਾ ਭਾਗ ਇਨ੍ਹਾਂ ਦਾ ਹੀ ਸੀ। ਸਕੱਤਰ ਤਾਂ ਭਾਈ ਕੌਰ ਸਿੰਘ ਜੀ ਸੁਪੱਤਰ ਸ੍ਰ.ਸਾਧੂ ਸਿੰਘ ਜੀ ਧੂਪੀਆ ਅਫ਼ਸਰ ਮਹਿਕਮਾ ਜੰਗਲਾਤ ਬਣਾਏ ਗਏ, ਪਰ ਟ੍ਰੈਕਟਾਂ ਦੇ ਲਿਖਾਰੀ, ਬਹੁਤ ਸਾਰਿਆਂ ਦੇ, ਇਹੋ ਸਨ। ਪੰਥ ਵਿਚ ਆ ਵੜੀਆਂ ਭਾਈਚਾਰਕ ਕੁਰੀਤੀਆਂ ਨੂੰ ਦੂਰ ਕਰਨਾ ਵੀ ਇਨ੍ਹਾਂ ਦਾ ਪ੍ਰਯੋਜਨ ਸੀ। ਗੁਰਬਾਣੀ ਦੇ ਕਈ ਟੀਕੇ ਵੀ ਸੁਸਾਇਟੀ ਨੇ ਛਾਪੇ, ਜਿਨ੍ਹਾਂ ਦੀ ਬੋਲੀ ਸੌਖੀ ਸੀ ਅਤੇ ਅੱਖਰੀ ਅਰਥ ਅਤੇ ਭਾਵਅਰਥ ਅਜਿਹੀ ਤਰ੍ਹਾਂ ਲਿਖੇ ਗਏ ਕਿ ਸਾਧਾਰਨ ਸਮਝ ਵਾਲੇ ਸੱਜਣ ਵੀ ਇਨ੍ਹਾਂ ਨੂੰ ਸਮਝ ਸਕਣ। ਟ੍ਰੈਕਟਾਂ ਰਾਹੀਂ ਪ੍ਰਚਾਰ ਦਾ ਅੰਦਾਜ਼ਾ ਇਸ ਗਿਣਤੀ ਤੋਂ ਲਾਇਆ ਜਾ ਸਕਦਾ ਹੈ ਕਿ ਸਾਲ 1901 ਤੋਂ 1905 ਤੱਕ 6,01,837 ਟ੍ਰੈਕਟ ਛਾਪ ਕੇ ਵੰਡੇ ਗਏ।

ਭਾਈ ਸਾਹਿਬ ਅਤੇ ਸਰਦਾਰ ਮਹਿੰਦਰ ਸਿੰਘ ਦੀ ਪ੍ਰੇਰਨਾ ਨਾਲ ਸ੍ਰ.ਤ੍ਰਿਲੋਚਨ ਸਿੰਘ ਐਮ.ਏ, ਐਲ.ਐਲ.ਬੀ, ਜੋ ਸ੍ਰ.ਮਹਿੰਦਰ ਸਿੰਘ ਜੀ ਦੇ ਚਾਚੇ ਦੇ ਪੁੱਤਰ ਸਨ, ਸੁਸਾਇਟੀ ਦੇ ਪ੍ਰਬੰਧਕਾਂ ਵਿਚ ਸ਼ਾਮਿਲ ਹੋ ਗਏ। ਇਨ੍ਹਾਂ ਨੇ ਸੁਸਾਇਟੀ ਦੇ ਪ੍ਰਬੰਧ ਨੂੰ ਅਜਿਹੀਆਂ ਲੀਹਾਂ ਤੇ ਚਲਾਇਆ ਕਿ ਉਹ ਨਾ ਕੇਵਲ ਉਸ ਵੇਲੇ ਇਸ ਦਾ ਕੰਮ ਤਿਖੇਰੀ ਚਾਲ ਪਇਆ, ਸਗੋਂ ਹੁਣ ਤੀਕ ਦੋਹਾਂ ਮਿਤ੍ਰਾਂ ਦੇ ਗੁਰਪੁਰੀ ਪਧਾਰਣ ਮਗਰੋਂ ਵੀ ਜਾਰੀ ਹੈ।

ਸਾਲ 1896 ਵਿਚ 'ਸੁੰਦਰੀ' ਇਕ ਇਤਿਹਾਸਕ ਨਾਵਲ, ਇਨ੍ਹਾਂ ਦੀ ਕਲਮ ਵਿਚੋਂ ਨਿਕਲਿਆ। ਇਸ ਨਾਵਲ ਵਿਚ ਪੁਰਾਣੇ ਸਮੇਂ ਦੇ ਸਿੱਖਾਂ ਦੀ ਧਾਰਮਿਕ ਦ੍ਰਿੜ੍ਹਤਾ ਇਕ ਦੂਜੇ ਨਾਲ ਪਿਆਰ ਅਤੇ ਅਸਹਿ ਕਸ਼ਟਾਂ ਨੂੰ ਸਹਾਰਨ ਦਾ ਵੇਰਵਾ ਅਜਿਹੇ ਸ਼ਬਦਾਂ ਵਿਚ ਉਲੀਕਿਆ ਗਿਆ ਹੈ ਕਿ ਪਾਠਕ ਉਸ ਸਮੇਂ ਦੇ ਖ਼ਾਲਸਾ ਦੇ ਉੱਚੇ ਆਚਰਨ ਤੋਂ ਪ੍ਰਭਾਵਤ ਹੋਏ ਬਿਨ੍ਹਾਂ ਨਹੀਂ ਰਹਿ ਸਕਦਾ। ਮਾਸਟਰ ਤਾਰਾ ਸਿੰਘ ਨੇ ਲੇਖਕ ਨੂੰ ਦਸਿਆ ਸੀ ਕਿ ਸੁੰਦਰੀ ਨਾਵਲ ਪੜ੍ਹ ਕੇ ਹੀ ਉਹ ਨਾਨਕ ਚੰਦ ਤੋਂ ਤਾਰਾ ਸਿੰਘ ਬਣਨ ਨੂੰ ਉਤਸਾਹਿਤ ਹੋ ਗਏ ਸਨ। ਇਸੇ ਸਾਲ ਉਨ੍ਹਾਂ ਨੇ ਵਜ਼ੀਰ ਹਿੰਦ ਪ੍ਰੈਸ ਦਾ ਵਿਸਤਾਰ ਕੀਤਾ।

ਸਿੰਘ ਸਭਾ ਲਹਿਰ ਨੂੰ ਜਥੇਬੰਦ ਕਰਨ ਲਈ ਸਾਲ 1902 ਵਿਚ ਚੀਫ਼ ਖ਼ਾਲਸਾ ਦੀਵਾਨ ਸਾਜਿਆ ਗਿਆ। ਇਸ ਆਰਟੀਕਲ ਦਾ ਲੇਖਕ ਉਦੋਂ ਸ੍ਰੀ ਅੰਮ੍ਰਿਤਸਰ ਆ ਚੁਕਿਆ ਸੀ। ਸ.ਸੁੰਦਰ ਸਿੰਘ ਜੀ ਮਜੀਠੀਆ ਨੇ ਜੋ ਅਸਥਾਪਨ ਕਮੇਟੀ ਦੇ ਮੈਂਬਰ ਸਨ, ਆਪਣੀ ਤਬੀਅਤ ਕੁਝ ਢਿੱਲੀ ਹੋਣ ਕਰਕੇ ਨਿਯਮ, ਉਪ-ਨਿਯਮ ਬਣਾਨ ਵਾਲੀ ਕਮੇਟੀ ਦੀ ਕਾਰਵਾਈ ਨਿਭਾਹੁਣ ਲਈ ਲੇਖਕ ਨੂੰ ਭੇਜਿਆ। ਗਿਆਨੀਆਂ ਦੇ ਬੁਰਜ ਵਿਚਲੀ ਆਖ਼ਰੀ ਮੀਟਿੰਗ ਵਿਚ ਸ੍ਰ.ਬਚਨ ਸਿੰਘ ਵਕੀਲ ਆਦਿ ਸੱਜਣਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਦੀਵਾਨ ਦਾ ਮੈਂਬਰ ਉਹ ਬਣੇ ਜੋ ਅੰਮ੍ਰਿਤ ਛੱਕਣ ਸਮੇਂ ਦੀ ਦਸੀ ਰਹਿਤ ਦਾ ਪੂਰਾ ਧਾਰਨੀ ਹੋਵੇ। ਇਸ ਕਰੜੇ ਨਿਯਮ ਨੇ ਕਈ ਢਿੱਲੜ ਸੱਜਣਾਂ ਦੀਆ ਆਸ਼ਾਵਾਂ ਪੁਰ ਪਾਣੀ ਫੇਰ ਦਿੱਤਾ। ਸ੍ਰ.ਸੁੰਦਰ ਸਿੰਘ ਮਜੀਠੀਆ ਇਸ ਦੇ ਸਕੱਤਰ ਥਾਪੇ ਗਏ ਅਤੇ ਭਾਈ ਅਰਜਨ ਸਿੰਘ ਬਾਗੜੀਆਂ ਵਾਲੇ ਪਰਧਾਨ। ਸਿੰਘ ਸਭਾ ਦੇ ਦੋ ਆਦਰਸ਼ਾਂ, ਨਿਰੋਲ ਗੁਰਮਤਿ ਦਾ ਪਰਚਾਰ ਅਤੇ ਪੰਜਾਬੀ ਬੋਲੀ ਦੀ ਉਨੱਤੀ ਲਈ ਜਿਤਨਾ ਕੰਮ ਭਾਈ ਸਾਹਿਬ ਨੇ ਕੀਤਾ, ਉਤਨਾ ਸ਼ਾਇਦ ਹੀ ਕਿਸੇ ਇਕ ਲਿਖਾਰੀ ਨੇ ਵੀਹਵੀਂ ਸਦੀ ਵਿਚ ਕੀਤਾ ਹੋਵੇ।

ਸਿੱਖਾਂ ਵਿਚ ਵਰਤਮਾਨ ਵਿਦਿਆ ਦਾ ਪ੍ਰਚਾਰ ਵੀ ਸਿੰਘ ਸਭਾ ਦਾ ਇਕ ਆਦਰਸ਼ ਸੀ। ਸਾਲ 1902 ਵਿਚ ਖ਼ਾਲਸਾ ਕਾਲਜ ਉਨ੍ਹਾਂ ਸਜਣਾਂ ਦੇ ਪ੍ਰਬੰਧ ਵਿਚ ਆ ਗਇਆ ਜੋ ਚੀਫ਼ ਖ਼ਾਲਸਾ ਦੀਵਾਨ ਨੂੰ ਚਲਾ ਰਹੇ ਸਨ। ਸਾਲ 1907 ਦੀਆਂ ਵੱਡੇ ਦਿਨਾਂ ਦੀਆਂ ਛੁੱਟੀਆਂ ਵਿਚ ਦੀਵਾਨ ਦਾ ਇਕ ਜਥਾ ਪਰਚਾਰ ਲਈ ਕਰਾਚੀ ਗਿਆ। ਉਥੇ ਮੁਸਲਿਮ ਐਜੂਕੇਸ਼ਨਲ ਕਾਨਫ਼ਰੰਸ ਦਾ ਵਾਰਸ਼ਿਕ ਜਲਸਾ ਹੋ ਰਿਹਾ ਸੀ। ਉਸ ਨੂੰ ਵੇਖ ਕੇ ਇਹ ਖ਼ਿਆਲ ਪੈਦਾ ਹੋ ਗਇਆ ਕਿ ਕਿਉਂ ਨਾ ਸਿੱਖ ਐਜੂਕੇਸ਼ਨਲ ਕਾਨਫਰੰਸ ਦੀ ਨੀਂਹ ਰਖੀ ਜਾਵੇ। ਇਹ ਵਿਚਾਰ ਫੁਰਦਿਆਂ ਹੀ ਨਿਯਮ ਉਪ-ਨਿਯਮ ਬਣਾਨ ਲਈ ਇਕ ਕਮੇਟੀ ਬਣਾਈ ਗਈ ਅਤੇ ਸਿੱਖ ਐਜੂਕੇਸ਼ਨਲ ਕਮੇਟੀ ਦੀਵਾਨ ਦਾ ਇਕ ਵਖਰਾ ਭਾਗ ਬਣਾ ਕੇ ਕਾਇਮ ਕੀਤੀ ਗਈ। ਪਹਿਲੀ ਕਾਨਫਰੰਸ ਗੁਜਰਾਂਵਾਲੇ ਵਿਚ ਹੋਈ। ਸਮਾਚਾਰ ਰਾਹੀ਼ ਕਾਨਫਰੰਸ ਦੇ ਡੈਲੀਗੇਟ ਅਤੇ ਵਿਜ਼ਿਟਰ ਬਣਨ ਲਈ ਸਿੱਖਾਂ ਨੂੰ ਮਜ਼ਮੂਨਾਂ ਅਤੇ ਕਵਿਤਾਵਾਂ ਦੁਆਰਾ ਉਤਸ਼ਾਹਿਤ ਕੀਤਾ ਜਾਂਦਾ। ਭਾਈ ਸਾਹਿਬ ਆਪਣੇ ਨਿੱਜੀ ਪ੍ਰੇਮੀਆਂ ਨੂੰ ਵੀ ਇਸ ਕਾਮਯਾਬੀ ਲਈ ਕੰਮ ਕਰਨ ਲਈ ਪਰੇਰਦੇ। ਇਹ ਵਾਰਸ਼ਿਕ ਇਕੱਠ ਜਿਥੇ ਵੀ ਹੁੰਦਾ, ਉਥੇ ਇਕ ਖ਼ਾਲਸਾ ਹਾਈ ਸਕੂਲ ਖੁਲ੍ਹ ਜਾਂਦਾ। ਥੋੜ੍ਹੇ ਚਿਰ ਵਿਚ ਹੀ ਸਿਖਾਂ ਨੇ ਵਿਦਿਆ ਦੇ ਮੈਦਾਨ ਵਿਚ ਵੀ ਘਾਟਾ ਪੂਰਾ ਕਰ ਲਇਆ। ਸਿੰਘ ਸਭਾ ਲਹਿਰ ਦਾ ਇਕ ਹੋਰ ਉਦੇਸ਼ ਸਿੱਖ ਇਤਿਹਾਸ ਦੀ ਖੋਜ਼ ਸੀ। ਪਹਿਲੋਂ ਆਪ ਨੇ ਚੋਣਵੇਂ ਸਿੱਖਾਂ ਦੇ ਕਰਤੱਵਾਂ ਦੇ ਪ੍ਰਸੰਗ ਕਵਿਤਾ ਵਿਚ ਪੇਸ਼ ਕਰਨੇ ਆਰੰਭ ਕੀਤੇ। ਕਈ ਸਿੱਖ ਉਪਦੇਸ਼ਕ ਉਨ੍ਹਾਂ ਨੂੰ ਗਾ ਕੇ ਸਿੱਖ ਸੰਗਤਾਂ ਨੂੰ ਸਿੱਖੀ ਆਦਰਸ਼ਾਂ ਵਲ ਪਰੇਰਦੇ ਸਨ। ਗੁਰਸਿੱਖ ਵਾੜੀ ਨਾਮ ਦੀ ਪੁਸਤਕ ਵਿਚ ਇਹ ਪ੍ਰਸੰਗ ਇਕੱਠੇ ਕੀਤੇ ਗਏ। ਗੁਰੂਆਂ ਦੇ ਜੀਵਨ ਗੁਰੂ ਨਾਨਕ ਚਮਤਕਾਰ, ਗੁਰੂ ਕਲਗੀਧਰ ਚਮਤਕਾਰ ਅਤੇ ਅਸ਼ਟ ਗੁਰੂ ਚਮਤਕਾਰ ਦੇ ਰੂਪ ਵਿਚ ਪੰਥ ਦੇ ਪੇਸ਼ ਕੀਤੇ ਗਏ। ਫਿਰ ਗੁਰੂ ਨਾਨਕ ਦੇਵ ਜੀ ਦੀ ਪੁਰਾਤਨ ਜਨਮਸਾਖੀ ਪੁਰਾਣੇ ਨੁਸਖਿਆਂ ਨਾਲ ਮੇਲ ਕੇ ਸੰਪਾਦਿਤ ਕੀਤੀ। ਪਰ ਸਭ ਤੋਂ ਵੱਡਾ ਕਦਮ ਸਿੱਖ ਇਤਿਹਾਸਕ ਖੋਜ਼ ਵਲ ਉਨ੍ਹਾਂ ਦਾ ਕਵਿਰਾਜ ਭਾਈ ਸੰਤੋਖ ਸਿੰਘ ਕ੍ਰਿਤ ਨਾਨਕ ਪ੍ਰਕਾਸ਼ ਅਤੇ ਸੂਰਜ ਪ੍ਰਕਾਸ਼ ਨੂੰ ਸੰਪਾਦਿਤ ਕਰਨਾ ਹੈ। ਇਨ੍ਹਾਂ ਪੁਸਤਕਾਂ ਦੇ ਪਾਠ ਤੋਂ ਉਨ੍ਹਾਂ ਦੀ ਇਤਿਹਾਸਕ ਸੂਝ ਬੂਝ ਅਤੇ ਨਵੀਨ ਖੋਜ-ਢੰਗਾਂ ਦੀ ਜਾਣਕਾਰੀ ਦਾ ਪ੍ਰਭਾਵ ਪਾਠਕ ਪਰ ਪੈਣੋਂ ਨਹੀਂ ਰਹਿ ਸਕਦਾ। ਕੋਸ਼ਕਾਰੀ ਦੀ ਇਕ ਉਦਾਹਰਣ ਗੁਰੂ ਗ੍ਰੰਥ ਕੋਸ਼ ਜੋ ਉਨ੍ਹਾਂ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਜੀ ਨੇ ਆਰੰਭ ਕੀਤਾ ਸੀ, ਉਸ ਨੂੰ ਮੁੜ ਸੰਪਾਦਿਤ ਕੀਤਾ ਹੈ।

ਮੁਕਦੀ ਗੱਲ ਇਹ ਹੈ ਕਿ ਸਿੰਘ ਸਭਾ ਲਹਿਰ ਦੇ ਸਾਰੇ ਪੱਖਾਂ ਵਿਚ ਜਿਤਨੀ ਸੇਵਾ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਕੀਤੀ ਹੈ ਉਤਨੀ ਇੱਕਲੇ ਤੌਰ ਤੇ ਸ਼ਾਇਦ ਹੀ ਕਿਸੇ ਇਕ ਵਿਅਕਤੀ ਨੇ ਵੀਹਵੀਂ ਸਦੀ ਵਿਚ ਕੀਤੀ ਹੋਵੇ ਜਾਂ ਅਗੋਂ ਕਰ ਸਕੇ। ਪੰਜਾਬੀ ਕਵਿਤਾ ਨੂੰ ਕਿੱਸਾਕਾਰੀ ਵਿਚੋਂ ਕਢ ਕੇ ਨਵੀਆਂ ਲੀਹਾਂ ਤੇ ਤੋਰਨ ਵਾਲੇ ਇਹ ਪਹਿਲੇ ਕਵੀ ਸਨ। ਗ੍ਰਾਮੀਣ ਭਾਸ਼ਾ ਨੂੰ ਹੋਰ ਬੋਲੀਆਂ ਦੇ ਬਰਾਬਰ ਤਖ਼ਤ ਤੇ ਬਿਠਾਣਾ ਇਨ੍ਹਾਂ ਦੀ ਹੀ ਲੇਖਣੀ ਤੋਂ ਸਰਿਆ। ਸਿੰਘ ਸਭਾ ਲਹਿਰ ਦੇ ਸਾਰੇ ਆਦਰਸ਼ਾਂ ਦੀ ਪੂਰਨਤਾ ਵਿਚ ਭਰਪੂਰ ਹਿੱਸਾ ਪਾਉਣਾ ਇਹ ਕੇਵਲ ਭਾਈ ਵੀਰ ਸਿੰਘ ਜੀ ਦਾ ਕੰਮ ਸੀ।





## ਡਾ. ਨਿੱਜਰ ਨੇ ਦੀਵਾਨ ਦੇ ਮੈਂਬਰਾਂ ਨੂੰ ਇਕਜੁਟ ਹੋ ਕੇ ਕੰਮ ਕਰਨ ਲਈ ਪ੍ਰੇਰਿਆ





ਚੀਫ਼ ਖ਼ਾਲਸਾ ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮਿਤੀ 20 ਸਤੰਬਰ ਨੂੰ ਕਾਰਜਸਾਧਕ ਕਮੇਟੀ ਦੀ ਇਕੱਤਰਤਾ ਹੋਈ ਜਿਸ ਦਾ ਆਰੰਭ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਸਮੂਹ ਮੈਂਬਰ ਸਾਹਿਬਾਨ ਵੱਲੋਂ ਮੂਲ ਮੰਤਰ ਦਾ ਪਾਠ ਕਰਕੇ ਗੁਰੂ ਦਾ ਓਟ ਆਸਰਾ ਲੈਂਦਿਆਂ ਕੀਤਾ ਗਿਆ। ਮੀਟਿੰਗ ਦੌਰਾਨ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਵੱਲੋਂ ਪੜ੍ਹੇ ਗਏ ਏਜੰਡਿਆਂ ਤਹਿਤ ਚੀਫ਼ ਖ਼ਾਲਸਾ ਦੀਵਾਨ ਦੇ ਸਮੂਹ ਅਦਾਰਿਆਂ ਦੀਆਂ ਸਾਲ 2021-2022 ਦੀਆਂ ਆਮਦਨ ਅਤੇ ਖਰਚੇ ਦੀਆਂ ਸੀ.ਏ ਅਤੇ ਮੈਂਬਰ ਇੰਚਾਰਜ ਵੱਲੋਂ ਤਸਦੀਕ ਕੀਤੀਆਂ ਬੈਲੈਂਸਸ਼ੀਟਾਂ ਤੇ ਅਧਾਰਤ ਕੰਨਸੋਲੀਡੇਟਿਡ ਆਡਿਟ ਰਿਪੋਰਟ ਨੂੰ ਫਾਈਨਲ ਕਰਨ ਦੀ ਪ੍ਰਵਾਨਗੀ ਲਈ ਗਈ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਐਤਵਾਰ ਜਾਂ ਕੋਈ ਛੁੱਟੀ ਵਾਲੇ ਦਿਨ ਕਿਸੇ ਖੁਸ਼ੀ/ਗਮੀ ਦਾ ਬਾਹਰੀ ਸਮਾਗਮ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਸਾਹਿਬਾਨ ਦੀ ਸਿਫਾਰਸ਼ ਤੇ ਪ੍ਰਬੰਧਕਾਂ ਦੀ ਪ੍ਰਵਾਨਗੀ ਲੈਣ ਉਪਰੰਤ ਅਤੇ ਨਾਲ ਹੀ ਸੰਬੰਧਤ ਮੈਂਬਰ ਸਾਹਿਬਾਨ ਦੀ ਸਮਾਗਮ ਵਿਚ ਸਮੂਲੀਅਤ ਅਤੇ ਪੂਰੀ ਜ਼ਿੰਮੇਦਾਰੀ ਲੈਣ ਉਪਰੰਤ ਹੀ ਕਰਵਾਉਣ ਦਾ ਫੈਸਲਾ ਲਿਆ ਗਿਆ। ਇਸ ਦੇ ਨਾਲ ਹੀ ਚੀਫ਼ ਖ਼ਾਲਸਾ ਦੀਵਾਨ ਦੇ ਮੁੱਖ ਕੈਂਪਸ ਅਤੇ ਇਸ ਅਧੀਨ ਚੱਲ ਰਹੇ ਕਿਸੇ ਵੀ ਅਦਾਰੇ ਵਿਚ ਦੀਵਾਨ ਮੈਂਬਰਜ਼ ਵੱਲੋਂ ਕੋਈ ਵੀ ਬਾਹਰੀ ਪ੍ਰੋਗਰਾਮ ਕਰਵਾਉਣ ਤੋ ਪਹਿਲਾਂ ਚੀਫ਼ ਖ਼ਾਲਸਾ ਦੀਵਾਨ ਪ੍ਰਬੰਧਕਾਂ ਵੱਲੋਂ ਪ੍ਰਵਾਨਗੀ ਲੈਣੀ ਲਾਜ਼ਮੀ ਕਰਨ ਦਾ ਵੀ ਫੈਸਲਾ ਲਿਆ ਗਿਆ।

ਮੀਟਿੰਗ ਦੌਰਾਨ ਚੀਫ਼ ਖ਼ਾਲਸਾ ਦੀਵਾਨ ਐਜੂਕੇਸ਼ਨਲ ਕਮੇਟੀ ਵੱਲੋਂ 7 ਅਕਤੂਬਰ 2022 ਨੂੰ ਸ਼ੁਰੂ ਹੋਣ ਜਾ ਰਹੇ 21ਵੇਂ ਸਕੂਲਜ਼ ਟਰੂਨਾਮੈਂਟ 2022 ਬਾਬਤ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਇੰਟਰਨੈਸ਼ਨਲ ਸਕੂਲ, ਰਣਜੀਤ ਐਵੀਨਿਊ ਵਿਖੇ ਮਿਤੀ 3,4,5 ਦਸੰਬਰ 2022 ਨੂੰ ਆਯੋਜਿਤ ਕੀਤੀ ਜਾ ਰਹੀ 67ਵੀਂ ਸਿੱਖ ਵਿਦਿਅਕ ਕਾਨਫਰੰਸ ਦੇ ਪ੍ਰੋਗਰਾਮਾਂ ਬਾਬਤ ਵਿਚਾਰ ਵਟਾਂਦਰਾ ਕੀਤਾ ਗਿਆ। ਉਪਰੰਤ ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਡਾ.ਸਰਬਜੀਤ ਸਿੰਘ ਛੀਨਾ ਨੇ ਕਾਨਫਰੰਸ ਦੌਰਾਨ ਮਿਤੀ 1 ਦਸੰਬਰ 2022 ਨੂੰ ਸੁਰੂ ਹੋਣ ਵਾਲੇ ਸ੍ਰੀ ਅਖੰਡ ਪਾਠ ਸਾਹਿਬ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਜੀ.ਟੀ.ਰੋਡ, ਤੋਂ ਲੈ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਤੱਕ ਸਜਾਏ ਜਾਣ ਵਾਲੇ ਨਗਰ-ਕੀਰਤਨ, ਨੁਮਾਇਸ਼ਾਂ, ਸੈਮੀਨਾਰਾਂ, ਲਾਈਟ ਐਂਡ ਸਾਊਂਡ, ਕੀਰਤਨ ਦਰਬਾਰ, ਸਨਮਾਨ ਸਮਾਰੋਹ, ਲੰਗਰ ਪ੍ਰਬੰਧਾਂ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਭਾਈ ਵੀਰ ਸਿੰਘ ਜੀ ਦੇ 150ਵੇਂ ਜਨਮ ਦਿਹਾੜੇ ਨੂੰ ਸਮਰਪਿਤ ਚੀਫ਼ ਖ਼ਾਲਸਾ ਦੀਵਾਨ ਸਿੱਖ ਵਿਦਿਅਕ ਕਾਨਫਰੰਸ ਵਿਚ ਭਾਈ ਵੀਰ ਸਿੰਘ ਜੀ ਨਾਲ ਸਬੰਧਤ ਸੰਸਥਾਵਾਂ ਦਾ ਸਹਿਯੋਗ ਲੈਣ ਅਤੇ ਵੱਧ ਤੋਂ ਵੱਧ ਸਮਾਜਿਕ, ਧਾਰਮਿਕ ਅਤੇ ਹੋਰਨਾਂ ਬੁੱਧੀਜੀਵੀ ਵਰਗਾਂ ਨੂੰ ਕਾਨਫਰੰਸ ਨਾਲ ਜੋੜਣ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਲੋੜ ਤੇ ਜ਼ੋਰ ਦਿੱਤਾ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਨੂੰ ਪਿੰਡ-ਪਿੰਡ ਵਿਚ ਧਾਰਮਿਕ ਪ੍ਰੋਗਰਾਮਾਂ ਰਾਹੀਂ ਵੱਧ ਤੋਂ ਵੱਧ ਸੰਗਤਾਂ ਨੂੰ ਕਾਨਫਰੰਸ ਨਾਲ ਜੋੜਣ ਦੀ ਜ਼ਿੰਮੇਵਾਰੀ ਸੌਂਪੀ ਗਈ। ਅੰਤ ਪ੍ਰਧਾਨ ਡਾ.ਨਿੱਜਰ ਨੇ ਸਮੂਹ ਮੈਂਬਰ ਸਾਹਿਬਾਨ ਨੂੰ ਆਪਸੀ ਮਤਭੇਦ ਮਿਲ ਬੈਠ ਕੇ ਸੁਲਝਾਉਣ, ਨਵੇਂ ਮੈਂਬਰ ਸਾਹਿਬਾਨ ਨੂੰ ਕੰਮਕਾਰ ਪ੍ਰਤੀ ਸੰਪੂਰਨ ਸਹਿਯੋਗ ਦੇਣ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਵਿਕਾਸ ਲਈ ਇਕਜੁੱਟ ਹੋ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ।

ਮੀਟਿੰਗ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ ਅਤੇ ਸ੍ਰ.ਸੁਖਦੇਵ ਸਿੰਘ ਮੱਤੇਵਾਲ, ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਡਾ.ਸਰਬਜੀਤ ਸਿੰਘ ਛੀਨਾ, ਮੈਂਬਰਜ਼ ਸ੍ਰ.ਭਗਵੰਤਪਾਲ ਸਿੰਘ ਸੱਚਰ, ਸ੍ਰ.ਗੁਰਿੰਦਰ ਸਿੰਘ ਲੋਹੇਵਾਲੇ, ਪ੍ਰੋ.ਹਰੀ ਸਿੰਘ, ਸ੍ਰ.ਮਨਮੋਹਨ ਸਿੰਘ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਪ੍ਰੋ.ਸੂਬਾ ਸਿੰਘ, ਸ੍ਰ.ਕੁਲਦੀਪ ਸਿੰਘ, ਸ੍ਰ.ਟੀ.ਐਸ.ਚਾਹਲ, ਸ੍ਰ.ਜਸਪਾਲ ਸਿੰਘ ਰਿਟਾ: (ਪੀ.ਸੀ.ਐਸ) ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਭੁਪਿੰਦਰ ਸਿੰਘ ਸੇਠੀ, ਸ੍ਰ.ਸਰਬਜੋਤ ਸਿੰਘ, ਸ੍ਰ.ਇੰਦਰਜੀਤ ਸਿੰਘ ਅੜੀ, ਸ੍ਰ.ਨਵਤੇਜ਼ ਸਿੰਘ ਨਾਰੰਗ, ਸ੍ਰ.ਮੋਹਨਜੀਤ ਸਿੰਘ ਭੱਲਾ, ਸ੍ਰ.ਰਜਿੰਦਰ ਸਿੰਘ ਮਰਵਾਹਾ, ਸ੍ਰ.ਮਨਜੀਤ ਸਿੰਘ ਢਿੱਲੋਂ, ਸ੍ਰ.ਉਪਕਾਰ ਸਿੰਘ ਛਾਬੜਾ ਆਦਿ ਮੈਂਬਰ ਸਾਹਿਬਾਨ ਹਾਜ਼ਰ ਸਨ।

## ਪ੍ਰਿੰਸੀਪਲ ਹਰਤਾਜ ਸਿੰਘ ਸਕੂਲ ਬੁਰਜ ਮਰਹਾਣਾ ਵਿਖੇ ਬਣੇ ਪ੍ਰਿੰਸੀਪਲ



ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵਲੋ ਡਾਕਟਰ ਆਤਮਜੀਤ ਸਿੰਘ ਬਸਰਾ ਨੂੰ ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੇ ਸੈਂਟਰਲ ਖ਼ਾਲਸਾ ਯਤੀਮਖਾਨਾ ਦੇ ਨਵੇਂ ਮੈਂਬਰ ਇੰਚਾਰਜ ਨਿਯੁਕਤ ਕੀਤਾ ਗਿਆ। ਆਪਣੇ ਕਿੱਤੇ ਵਿਚ ਮਾਹਿਰ ਅਤੇ 35 ਸਾਲ ਦਾ ਤਜਰਬਾ ਰੱਖਣ ਵਾਲੇ ਡਾਕਟਰ ਆਤਮਜੀਤ ਸਿੰਘ ਬਸਰਾ ਬਹੁਤ ਹੀ ਮਿਹਨਤੀ ਅਤੇ ਕਾਬਲ ਡਾਕਟਰ ਹਨ ਜੋ ਕਿ ਜਿਲ੍ਹਾ ਆਯੂਰਵੇਦਿਕ ਅਫਸਰ ਦੇ ਅਹੁਦੇ ਤੋ ਰਿਟਾਇਰ ਹੋ ਚੁੱਕੇ ਹਨ ਅਤੇ ਉਹਨਾਂ ਵਲੋ ਮੈਡੀਕਲ ਅਫਸਰ ਦੇ ਤੌਰ ਤੇ ਅਤੇ 10 ਸਾਲ ਪੰਜਾਬ ਆਯੁਰਵੈਦਿਕ ਸਰਵਿਸਜ਼ ਦੇ ਪ੍ਰਧਾਨ ਦੇ ਤੌਰ ਤੇ ਵੀ ਸੇਵਾਵਾਂ ਨਿਭਾਈਆਂ ਜਾ ਚੁੱਕੀਆਂ ਹਨ।

ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਦੇ ਆਦੇਸ਼ਾਂ ਅਨੁਸਾਰ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਅਤੇ ਹੋਰਨਾਂ ਮੈਂਬਰ ਸਾਹਿਬਾਨ ਵੱਲੋਂ ਡਾ.ਆਤਮਜੀਤ ਸਿੰਘ ਬਸਰਾ ਨੂੰ ਸਿਰੋਪਾਓ ਪਾ ਕੇ ਬੋਲੇ ਸੋ ਨਿਹਾਲ ਦੀ ਗੂੰਜ ਵਿੱਚ ਯਤੀਮਖਾਨਾ ਦੇ ਮੈਂਬਰ ਇੰਚਾਰਜ ਦਾ ਅਹੁਦਾ ਨਿਵਾਜਿਆ ਗਿਆ। ਚੀਫ਼ ਖ਼ਾਲਸਾ ਦੀਵਾਨ ਵਲੋ ਡਾ:ਆਤਮਜੀਤ ਸਿੰਘ ਬਸਰਾ ਨੂੰ ਨਵੀਆਂ ਜਿੰਮੇਵਾਰੀਆਂ ਸੋਂਪਦਿਆਂ ਆਸ ਕੀਤੀ ਗਈ ਕਿ ਗੁਰੂ ਘਰ ਨਾਲ ਜੁੜੇ ਨਿਮਰ ਸੁਭਾਅ ਦੇ ਮਾਲਕ ਅਤੇ ਲੋਕਭਲਾਈ ਕਾਰਜਾਂ ਵਿਚ ਰੁੱਝੇ ਰਹਿਣ ਵਾਲੇ ਡਾਕਟਰ ਬਸਰਾ ਯਤੀਮਖਾਨਾ ਵਿਖੇ ਬੱਚਿਆਂ ਦੀ ਮੈਡੀਕਲ ਸਹੂਲਤਾਂ- ਸੁਵਿਧਾਵਾਂ ਅਤੇ ਜ਼ਰੂਰਤਾਂ ਦਾ ਵਿਸ਼ੇਸ ਧਿਆਨ ਰੱਖਣਗੇ ਅਤੇ ਸਮੇਂ ਦੀ ਲੋੜ੍ਹ ਅਨੁਸਾਰ ਯਤੀਮਖਾਨਾ ਵਿਖੇ ਤਸੱਲੀਬਖਸ਼ ਸੇਵਾਵਾਂ ਪ੍ਰਦਾਨ ਕਰਨਗੇ। ਡਾ.ਬਸਰਾ ਨੇ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਦਾ ਧੰਨਵਾਦ ਕਰਦਿਆਂ ਸੌਂਪੀ ਗਈ ਇਸ ਸੇਵਾ ਨੂੰ ਨਿਸ਼ਕਾਮ ਭਾਵ ਨਾਲ ਨਿਭਾਉਣ ਦਾ ਭਰੋਸਾ ਦਿੱਤਾ।

## ਦੀਵਾਨ ਵੱਲੋਂ ਰਣਜੀਤ ਐਵੀਨਿਊ ਸਕੂਲ ਵਿਖੇ 3,4,5 ਦਸੰਬਰ ਨੂੰ ਭਾਈ ਵੀਰ ਸਿੰਘ ਜੀ ਦੇ 150ਵੇਂ ਜਨਮ ਦਿਹਾੜੇ ਨੂੰ ਸਮਰਪਿਤ 67ਵੀਂ ਸਿੱਖ ਵਿਦਿਅਕ ਕਾਨਫਰੰਸ ਕੀਤੀ ਜਾਵੇਗੀ।



ਚੀਫ਼ ਖ਼ਾਲਸਾ ਦੀਵਾਨ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਇੰਟਰਨੈਸ਼ਨਲ ਸਕੂਲ, ਰਣਜੀਤ ਐਵੀਨਿਊ, ਵਿਖੇ 3,4,5 ਦਸੰਬਰ ਨੂੰ ਆਯੋਜਿਤ ਕੀਤੀ ਜਾ ਰਹੀ 67ਵੀਂ ਸਿੱਖ ਵਿਦਿਅਕ ਕਾਨਫਰੰਸ ਦੀਵਾਨ ਦੇ ਮੋਢੀਆਂ ਵਿਚ ਸ਼ਾਮਲ ਭਾਈ ਵੀਰ ਸਿੰਘ ਜੀ ਦੇ 150ਵੇਂ ਜਨਮ ਦਿਹਾੜੇ ਨੂੰ ਸਮਰਪਿਤ ਕੀਤੀ ਜਾ ਰਹੀ ਹੈ। ਇਸ ਕਾਨਫਰੰਸ ਦੇ ਆਯੋਜਨ ਦੀ ਤਿਆਰੀਆਂ ਦੇ ਸੰਬੰਧ ਵਿਚ ਚੀਫ਼ ਖ਼ਾਲਸਾ ਦੀਵਾਨ ਐਜੂਕੇਸ਼ਨਲ ਕਮੇਟੀ ਵੱਲੋਂ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਵਿਚ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਨੇ ਸਾਂਝੇ ਤੌਰ ਤੇ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਕੌਮ ਵਿਚ ਵਿਦਿਆ ਸਾਧਨ ਰਾਹੀਂ ਗਿਆਨ ਅਤੇ ਜਾਗਰੂਕਤਾ ਦੀ ਰੌਸ਼ਨੀ ਫੈਲਾਉਣਾ ਅਤੇ ਸਿੱਖ ਸਮਾਜ ਦੀ ਸਰਵਪੱਖੀ ਉਨਤੀ ਹੀ ਇਸ ਕਾਨਫਰੰਸ ਦਾ ਮੁੱਖ ਮੱਕਸਦ ਹੈ ਅਤੇ ਉਹਨਾਂ ਕਾਨਫਰੰਸ ਦੇ ਸਫਲ ਆਯੋਜਨ ਲਈ ਮੈਂਬਰ ਸਾਹਿਬਾਨ ਨੂੰ ਆਪਣਾ ਵੱਧ ਤੋਂ ਵੱਧ ਯੋਗਦਾਨ ਦੇਣ ਲਈ ਕਿਹਾ। ਉਪਰੰਤ ਐਜੂਕੇਸ਼ਨਲ ਕਮੇਟੀ ਦੇ ਸਕੱਤਰ ਡਾ.ਸਰਬਜੀਤ ਸਿੰਘ ਛੀਨਾ ਅਤੇ ਦੀਵਾਨ ਦੇ ਸਥਾਨਕ ਪ੍ਰਧਾਨ ਅਤੇ ਐਡੀਸ਼ਨਲ ਸਕੱਤਰ ਐਜੂਕੇਸ਼ਨਲ ਕਮੇਟੀ ਸ੍ਰ.ਸੰਤੋਖ ਸਿੰਘ ਸੇਠੀ ਵੱਲੋਂ 3 ਰੋਜ਼ਾ ਚੱਲਣ ਵਾਲੀ ਸਿੱਖ ਐਜੂਕੇਸ਼ਨਲ ਕਾਨਫਰੰਸ ਦੀਆਂ ਤਿਆਰੀਆਂ, ਪ੍ਰਬੰਧਾਂ, ਪ੍ਰੋਗਰਾਮਾਂ ਦੇ ਵੇਰਵਿਆਂ ਅਧੀਨ 1 ਦਸੰਬਰ ਨੂੰ ਰੱਖੇ ਜਾਣ ਵਾਲੇ ਸ੍ਰੀ ਅਖੰਡ ਪਾਠ ਸਾਹਿਬ ਦੇ ਆਯੋਜਨ, ਕੀਰਤਨ ਦਰਬਾਰ, ਨੁਮਾਇਸ਼ਾਂ, ਸੈਮੀਨਾਰਾਂ, ਲਾਈਟ ਅਤੇ ਸਾਊਂਡ, ਲੰਗਰ, ਸਨਮਾਨ ਸਮਾਰੋਹ, ਕਾਨਫਰੰਸ ਦੌਰਾਨ ਪੁੱਜਣ ਵਾਲੇ ਮਹਿਮਾਨਾਂ ਲਈ ਰਿਹਾਇਸ਼ਾਂ ਦੇ ਪ੍ਰਬੰਧਾਂ ਟਰਾਂਸਪੋਰਟ, ਨਗਰ ਕੀਰਤਨ ਦੇ ਰੂਟ, ਸਮਾਂ ਆਦਿ ਬਾਰੇ ਵਿਸਥਾਪੂਰਵਕ ਚਾਨਣਾ ਪਾਉਂਦਿਆਂ ਮੈਂਬਰ ਸਾਹਿਬਾਨ ਨਾਲ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਪ੍ਰੋਗਰਾਮਾਂ ਦੇ ਸਫਲ ਆਯੋਜਨ ਲਈ ਵੱਖ-ਵੱਖ ਕਮੇਟੀਆਂ ਅਤੇ ਸਬ-ਕਮੇਟੀਆਂ ਦਾ ਗਠਨ ਵੀ ਕੀਤਾ ਗਿਆ।

ਮੀਟਿੰਗ ਦੌਰਾਨ ਵੱਖ-ਵੱਖ ਖੇਤਰਾਂ ਜਿਵੇਂ ਵਿਦਿਅਕ, ਸਮਾਜਿਕ, ਧਾਰਮਿਕ, ਡਿਫੈਂਸ, ਸਿਹਤ, ਖੇਤੀ, ਵਾਤਾਵਰਣ ਸਮੇਤ ਹੋਰਨਾਂ ਖੇਤਰਾਂ ਵਿਚ ਨਿਵੇਕਲੀ ਪਛਾਣ ਸਥਾਪਿਤ ਕਰ ਚੁੱਕੀਆ ਗੁਰਸਿੱਖ ਸ਼ਖਸੀਅਤਾਂ ਨੂੰ ਸਨਮਾਨਿਤ ਕਰਨ ਦਾ ਫੈਸਲਾ ਲਿਆ ਗਿਆ ਅਤੇ ਕਾਨਫਰੰਸ ਨੂੰ ਵੱਡੇ ਪੱਧਰ ਤੇ ਪ੍ਰਚਾਰਨ-ਪ੍ਰਸਾਰਨ ਲਈ ਪ੍ਰਚਾਰ ਦੇ ਹਰ ਮਾਧਿਅਮ ਨੂੰ ਵਰਤਣ ਅਤੇ ਇਸ ਮਨੋਰਥ ਲਈ ਦੀਆ ਦੀਆ ਲੋਕਲ ਕਮੇਟੀਆਂ ਦਾ ਸਹਿਯੋਗ ਲੈਣ ਦੀ ਲੋੜ ਤੇ ਵੀ ਜ਼ੋਰ ਦਿੱਤਾ ਗਿਆ।

## ਦੀਵਾਨ ਦੇ 7 ਸਕੂਲਾਂ ਦੇ ਪ੍ਰਿੰਸੀਪਲ ਬੈਸਟ ਅਧਿਆਪਕ ਐਵਾਰਡ ਨਾਲ ਸਨਮਾਨਤ ਕੌਮ ਦੀ ਤਰੱਕੀ ਲਈ ਗਿਆਨ ਦਾ ਵਿਕਾਸ ਹੋਣਾ ਜਰੂਰੀ-ਡਾ.ਨਿੱਜਰ







ਚੀਫ਼ ਖ਼ਾਲਸਾ ਦੀਵਾਨ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੰਕੈਡਰੀ ਪਬਲਿਕ ਸਕੂਲ, ਮਜੀਠਾ ਰੋਡ ਬਾਈਪਾਸ ਵਿਖੇ ਸੀ.ਕੇ.ਡੀ.ਸੀ.ਐਸ ਬੈਸਟ ਅਧਿਆਪਕ ਐਵਾਰਡ ਸਮਾਰੋਹ ਬੜੇ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਜਿਸ ਵਿਚ ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੇ ਵਿਦਿਅਕ ਅਦਾਰਿਆਂ ਦੇ ਸਾਲ 2020-21 ਅਤੇ ਸਾਲ 2021-22 ਸੈਸ਼ਨ ਦੌਰਾਨ ਦੇ ਸਰਵੋਤਮ ਅਧਿਆਪਕਾਂ ਦੇ ਨਾਲ-ਨਾਲ 7 ਪ੍ਰਿੰਸੀਪਲਜ਼ ਸਾਹਿਬਾਨ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਸਮਾਰੋਹ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਮੁੱਖ ਮਹਿਮਾਨ ਦੇ ਤੌਰ ਤੇ ਪੁੱਜੇ ਜਿਸ ਦਾ ਸੁਆਗਤ ਸਕੂਲ ਮੈਂਬਰ ਇੰਚਾਰਜ ਅਤੇ ਦੀਵਾਨ ਦੇ ਸਰਪ੍ਰਸਤ ਸ੍ਰ.ਰਾਜਮਹਿੰਦਰ ਸਿੰਘ ਮਜੀਠਾ, ਸਕੂਲ ਮੈਂਬਰ ਇੰਚਾਰਜ਼ ਇੰਜੀ:ਸ੍ਰ.ਜਸਪਾਲ ਸਿੰਘ ਅਤੇ ਸ੍ਰ.ਮਨਮੋਹਨ ਸਿੰਘ, ਪ੍ਰਿੰਸੀਪਲ ਦਪਿੰਦਰ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਸ੍ਰ.ਮਨਮੋਹਨ ਸਿੰਘ ਵੱਲੋਂ ਕੈਬਨਿਟ ਮੰਤਰੀ ਡਾ.ਨਿੱਜਰ ਦੀ ਵਿਲੱਖਣ ਸ਼ਖਸੀਅਤ ਅਤੇ ਜੀਵਨ ਬਾਰੇ ਚਾਨਣਾ ਪਾਇਆ ਗਿਆ। ਆਰੰਭ ਸਕੂਲ ਸ਼ਬਦ ਨਾਲ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਸੀ.ਕੇ.ਡੀ ਸਕੂਲਾਂ ਦੇ ਵਧੀਆ ਕਾਰਜਗੁਜ਼ਾਰੀ ਕਰਨ ਵਾਲੇ ਅਧਿਆਪਕਾਂ ਅਤੇ 7 ਪ੍ਰਿੰਸੀਪਲਜ਼ ਸਾਹਿਬਾਨ ਪ੍ਰਿੰਸੀਪਲ ਸੀ.ਕੇ.ਡੀ ਸਕੂਲ ਰਣਜੀਤ ਐਵੀਨਿਊ ਤੋਂ ਪ੍ਰਿੰਸੀਪਲ ਰਿਪੁਦਮਨ ਮਲਹੋਤਰਾ, ਚੌਕ ਪਰਾਗਦਾਸ ਤੋਂ ਪ੍ਰਿੰ:ਤੇਜਪਾਲ ਕੌਰ, ਪੰਡੋਰੀ ਖਜੂਰ ਤੋਂ ਪ੍ਰਿੰ:ਕਿਰਨਪ੍ਰੀਤ ਕੌਰ ਧਾਮੀ, ਨੱਥੂਪੁਰਾ ਤੋਂ ਪ੍ਰਿੰ:ਮਨਪ੍ਰੀਤ ਸਿੰਘ, ਮਜੀਠਾ ਰੋਡ ਬਾਈਪਾਸ ਤੋਂ ਪ੍ਰਿੰ:ਦਪਿੰਦਰ ਕੌਰ, ਧਨੋਆਂ ਕਲਾਂ ਤੋਂ ਪ੍ਰਿੰ:ਬਲਜੀਤ ਕੌਰ ਅਤੇ ਨੁਸ਼ਹਿਰਾ ਢਾਲਾਂ ਤੋਂ ਪ੍ਰਿੰ:ਦਮਿੰਦਰ ਸ਼ਰਮਾ ਨੂੰ ਸਨਮਾਨਿਤ ਕਰਕੇ ਉਹਨਾਂ ਦੀ ਹੋਸਲਾ ਅਫ਼ਜਾਈ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਸਮੂਹ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਿਸੇ ਵੀ ਕੌਮ ਦੀ ਤਰੱਕੀ ਲਈ ਗਿਆਨ ਦਾ ਵਿਕਾਸ ਹੋਣਾ ਅਤਿਅੰਤ ਜ਼ਰੂਰੀ ਹੈ। ਅਧਿਆਪਕ ਸਮਾਜ ਦਾ ਆਧਾਰ ਹਨ ਅਤੇ ਬੱਚਿਆਂ ਦੇ ਸਫਲ ਭਵਿੱਖ ਦੀ ਨੀਂਹ ਇਹਨਾਂ ਦੁਆਰਾ ਹੀ ਰੱਖੀ ਜਾਂਦੀ ਹੈ। ਇਸ ਮੌਕੇ ਉਹਨਾਂ ਤੀਜੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤਿ ਜੋਤ ਦਿਵਸ ਤੇ ਪ੍ਰਣਾਮ ਕਰਦਿਆਂ ਸਾਰਾਗੜ੍ਹੀ ਦਿਵਸ (12 ਸਤੰਬਰ) ਨੂੰ ਸ਼ਹੀਦ ਹੋਏ ਸਿੰਘਾਂ ਦੀ ਬੇਮਿਸਾਲ ਬਹਾਦੁਰੀ ਅਤੇ ਲਾਸਾਨੀ ਸ਼ਹਾਦਤ ਨੂੰ ਵੀ ਨਮਨ ਕੀਤਾ। ਉਹਨਾਂ ਸਾਰਾਗੜ੍ਹੀ ਦੇ ਇਤਿਹਾਸਕ ਸ਼ਹੀਦੀ ਸਾਕੇ ਨੂੰ ਐਜੂਕੇਸ਼ਨ ਸਿਲੇਬਸ ਵਿਚ ਸ਼ਾਮਲ ਕਰਨ ਅਤੇ ਅਧਿਆਪਕਾਂ ਨੂੰ ਪੜ੍ਹਾਈ ਦੇ ਨਾਲ-ਨਾਲ ਸਿੱਖਾਂ ਦੇ ਗੌਰਵਮਈ ਇਤਿਹਾਸ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਉਦਿਆਂ ਉਹਨਾਂ ਨੂੰ ਨੈਤਿਕ ਗੁਣਾਂ ਦੇ ਧਾਰਨੀ ਬਣਾਉਣ ਲਈ ਵਿਸ਼ੇਸ਼ ਯਤਨ ਕਰਨ ਦੀ ਲੋੜ੍ਹ ਤੇ ਜ਼ੋਰ ਦਿੱਤਾ। ਅੰਤ ਜੁਆਇੰਟ ਸਕੱਤਰ ਅਤੇ ਸਕੂਲ ਮੈਂਬਰ ਇੰਚਾਰਜ ਇੰਜੀ:ਜਸਪਾਲ ਸਿੰਘ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਸਰਪ੍ਰਸਤ ਸ੍ਰ.ਰਾਜਮਹਿੰਦਰ ਸਿੰਘ ਮਜੀਠਾ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਜੁਆਇੰਟ ਸਕੱਤਰ ਅਤੇ ਸਕੂਲ ਮੈਂਬਰ ਇੰਚਾਰਜ ਇੰਜੀ:ਜਸਪਾਲ ਸਿੰਘ, ਸਕੂਲ ਮੈਂਬਰ ਇੰਚਾਰਜ ਸ੍ਰ.ਮਨਮੋਹਨ ਸਿੰਘ, ਸ੍ਰ.ਗੁਰਿੰਦਰ ਸਿੰਘ ਲੋਹੇਵਾਲੇ, ਸ੍ਰ.ਮਨਜੀਤ ਸਿੰਘ ਢਿੱਲੋਂ, ਪ੍ਰੋ.ਸੂਬਾ ਸਿੰਘ, ਸ੍ਰ.ਨਵਤੇਜ਼ ਸਿੰਘ ਨਾਰੰਗ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਰਜਿੰਦਰ ਸਿੰਘ ਮਰਵਾਹਾ, ਸ੍ਰ.ਇੰਦਰਜੀਤ ਸਿੰਘ ਅੜੀ, ਸ੍ਰ.ਉਪਕਾਰ ਸਿੰਘ ਛਾਪੜਾ, ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਮੋਹਨਜੀਤ ਸਿੰਘ ਭੱਲਾ, ਸ੍ਰ.ਹਰਿੰਦਰਪਾਲ ਸਿੰਘ ਸੇਠੀ, ਸ੍ਰ.ਨਿਰੰਜਨ ਸਿੰਘ, ਸ੍ਰ.ਹਰਵਿੰਦਰਪਾਲ ਸਿੰਘ, ਸ੍ਰ.ਰਾਬਿੰਦਰਬੀਰ ਸਿੰਘ ਭੱਲਾ, ਸ੍ਰ.ਅਵਤਾਰ ਸਿੰਘ, ਸ੍ਰ.ਰਮਣੀਕ ਸਿੰਘ, ਸ੍ਰ.ਸਰਜੋਤ ਸਿੰਘ ਸਾਹਣੀ, ਪ੍ਰੋ.ਬਲਜਿੰਦਰ ਸਿੰਘ, ਸ੍ਰ.ਗੁਰਚਰਨਪ੍ਰੀਤ ਸਿੰਘ, ਸ੍ਰ.ਕੁਲਦੀਪ ਸਿੰਘ, ਸ੍ਰ.ਭਰਪੂਰ ਸਿੰਘ, ਸ੍ਰ.ਜਸਬੀਰ ਸਿੰਘ ਅਤੇ ਡਾਇਰੈਕਟਰ/ਪ੍ਰਿੰਸੀਪਲ ਡਾ.ਧਰਮਵੀਰ ਸਿੰਘ, ਡਾਇਰੈਕਟਰ ਸਪੋਰਟਸ ਸ੍ਰੀਮਤੀ ਅੰਮ੍ਰਿਤਪਾਲ ਕੌਰ ਅਤੇ ਹੋਰ ਮੈਂਬਰ ਸਾਹਿਬਾਨ ਨੇ ਸ਼ਾਮਲ ਹੋ ਕੇ ਸਮਾਰੋਹ ਦੀ ਸ਼ੋਭਾ ਵਧਾਈ।

## ਡਾ.ਬਸਰਾ ਸੈਂਟਰਲ ਖ਼ਾਲਸਾ ਯਤੀਮਖਾਨਾ ਦੇ ਬਣੇ ਮੈਂਬਰ ਇੰਚਾਰਜ



ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵਲੋ ਡਾਕਟਰ ਆਤਮਜੀਤ ਸਿੰਘ ਬਸਰਾ ਨੂੰ ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੇ ਸੈਂਟਰਲ ਖ਼ਾਲਸਾ ਯਤੀਮਖਾਨਾ ਦੇ ਨਵੇਂ ਮੈਂਬਰ ਇੰਚਾਰਜ ਨਿਯੁਕਤ ਕੀਤਾ ਗਿਆ। ਆਪਣੇ ਕਿੱਤੇ ਵਿਚ ਮਾਹਿਰ ਅਤੇ 35 ਸਾਲ ਦਾ ਤਜਰਬਾ ਰੱਖਣ ਵਾਲੇ ਡਾਕਟਰ ਆਤਮਜੀਤ ਸਿੰਘ ਬਸਰਾ ਬਹੁਤ ਹੀ ਮਿਹਨਤੀ ਅਤੇ ਕਾਬਲ ਡਾਕਟਰ ਹਨ ਜੋ ਕਿ ਜਿਲ੍ਹਾ ਆਯੂਰਵੇਦਿਕ ਅਫਸਰ ਦੇ ਅਹੁਦੇ ਤੋ ਰਿਟਾਇਰ ਹੋ ਚੁੱਕੇ ਹਨ ਅਤੇ ਉਹਨਾਂ ਵਲੋ ਮੈਡੀਕਲ ਅਫਸਰ ਦੇ ਤੌਰ ਤੇ ਅਤੇ 10 ਸਾਲ ਪੰਜਾਬ ਆਯੁਰਵੈਦਿਕ ਸਰਵਿਸਜ਼ ਦੇ ਪ੍ਰਧਾਨ ਦੇ ਤੌਰ ਤੇ ਵੀ ਸੇਵਾਵਾਂ ਨਿਭਾਈਆਂ ਜਾ ਚੁੱਕੀਆਂ ਹਨ।

ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਦੇ ਆਦੇਸ਼ਾਂ ਅਨੁਸਾਰ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਅਤੇ ਹੋਰਨਾਂ ਮੈਂਬਰ ਸਾਹਿਬਾਨ ਵੱਲੋਂ ਡਾ.ਆਤਮਜੀਤ ਸਿੰਘ ਬਸਰਾ ਨੂੰ ਸਿਰੋਪਾਓ ਪਾ ਕੇ ਬੋਲੇ ਸੋ ਨਿਹਾਲ ਦੀ ਗੂੰਜ ਵਿੱਚ ਯਤੀਮਖਾਨਾ ਦੇ ਮੈਂਬਰ ਇੰਚਾਰਜ ਦਾ ਅਹੁਦਾ ਨਿਵਾਜਿਆ ਗਿਆ। ਚੀਫ਼ ਖ਼ਾਲਸਾ ਦੀਵਾਨ ਵਲੋ ਡਾ:ਆਤਮਜੀਤ ਸਿੰਘ ਬਸਰਾ ਨੂੰ ਨਵੀਆਂ ਜਿੰਮੇਵਾਰੀਆਂ ਸੌਂਪਦਿਆਂ ਆਸ ਕੀਤੀ ਗਈ ਕਿ ਗੁਰੂ ਘਰ ਨਾਲ ਜੁੜੇ ਨਿਮਰ ਸੁਭਾਅ ਦੇ ਮਾਲਕ ਅਤੇ ਲੋਕਭਲਾਈ ਕਾਰਜਾਂ ਵਿਚ ਰੁੱਝੇ ਰਹਿਣ ਵਾਲੇ ਡਾਕਟਰ ਬਸਰਾ ਯਤੀਮਖਾਨਾ ਵਿਖੇ ਬੱਚਿਆਂ ਦੀ ਮੈਡੀਕਲ ਸਹੂਲਤਾਂ- ਸੁਵਿਧਾਵਾਂ ਅਤੇ ਜ਼ਰੂਰਤਾਂ ਦਾ ਵਿਸ਼ੇਸ ਧਿਆਨ ਰੱਖਣਗੇ ਅਤੇ ਸਮੇਂ ਦੀ ਲੋੜ੍ਹ ਅਨੁਸਾਰ ਯਤੀਮਖਾਨਾ ਵਿਖੇ ਤਸੱਲੀਬਖਸ਼ ਸੇਵਾਵਾਂ ਪ੍ਰਦਾਨ ਕਰਨਗੇ। ਡਾ.ਬਸਰਾ ਨੇ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਦਾ ਧੰਨਵਾਦ ਕਰਦਿਆਂ ਸੌਂਪੀ ਗਈ ਇਸ ਸੇਵਾ ਨੂੰ ਨਿਸ਼ਕਾਮ ਭਾਵ ਨਾਲ ਨਿਭਾਉਣ ਦਾ ਭਰੋਸਾ ਦਿੱਤਾ।

## ਸ੍ਰ.ਭੱਲਾ ਸੀ.ਕੇ.ਡੀ ਨਰਸਿੰਗ ਕਾਲਜ ਦੇ ਬਣੇ ਮੈਂਬਰ ਇੰਚਾਰਜ



ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵਲੋਂ ਸ੍ਰ:ਰਾਬਿੰਦਰਬੀਰ ਸਿੰਘ ਭੱਲਾ ਨੂੰ ਸੀ.ਕੇ.ਡੀ ਇੰਟਰਨੈਸ਼ਨਲ ਨਰਸਿੰਗ ਕਾਲਜ ਦੇ ਮੈਂਬਰ ਇੰਚਾਰਜ ਨਿਯੁਕਤ ਕੀਤਾ ਗਿਆ। ਨੈਸ਼ਨਲ ਸਪੋਰਟਸਪਰਸਨ ਰਹਿ ਚੁੱਕੇ ਸ੍ਰ:ਭੱਲਾ ਖ਼ਾਲਸਾ ਕਾਲਜ ਆਫ ਇੰਜੀਨਅਰਿੰਗ ਅਤੇ ਟੈਕਨਾਲਿਜੀ ਦੇ ਪ੍ਰਸ਼ਾਸਨਕ ਅਫ਼ਸਰ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪਿਛਲੇ 25 ਸਾਲਾਂ ਤੋਂ ਚੀਫ਼ ਖ਼ਾਲਸਾ ਦੀਵਾਨ ਨਾਲ ਜੁੜੇ ਹੋਏ ਹਨ ਅਤੇ ਵਰਤਮਾਨ ਸਮੇਂ ਵਿਚ ਚੀਫ਼ ਖ਼ਾਲਸਾ ਦੀਵਾਨ ਦੀ ਮਾਲੀ ਕਮੇਟੀ ਦੇ ਮੈਂਬਰ ਵੀ ਹਨ।

ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਚੇਅਰਮੈਨ ਸੀ.ਕੇ.ਡੀ ਨਰਸਿੰਗ ਕਾਲਜ ਸ੍ਰ.ਸੁਖਵਿੰਦਰ ਸਿੰਘ ਵਾਲੀਆ ਅਤੇ ਮੈਂਬਰ ਸ੍ਰ.ਸਰਜੋਤ ਸਿੰਘ ਸਾਹਨੀ ਵੱਲੋ ਸ੍ਰ:ਰਾਬਿੰਦਰਬੀਰ ਸਿੰਘ ਭੱਲਾ ਨੂੰ ਮੂਲ ਮੰਤਰ ਦੇ ਪਾਠ ਕਰਨ ਉਪਰੰਤ ਗੁਰੂ ਸਾਹਿਬਾਨ ਦੀ ਬਖਸ਼ਿਸ ਸਿਰੋਪਾਓ ਪਾਕੇ ਕਾਲਜ ਦੇ ਮੈਂਬਰ ਇੰਚਾਰਜ ਵਜੋ ਜਿੰਮੇਵਾਰੀਆਂ ਸੌਪੀਆਂ ਗਈਆਂ ਅਤੇ ਆਸ ਪ੍ਰਗਟ ਕੀਤੀ ਕਿ ਨਵੀਆਂ ਉਸਾਰੂ ਪ੍ਰਬੰਧਕ ਨੀਤੀਆਂ ਦੇ ਮਾਹਿਰ ਅਤੇ ਅਗਾਂਹ ਵਧੂ ਸੋਚ ਦੇ ਮਾਲਕ ਸ੍ਰ:ਰਾਬਿੰਦਰਬੀਰ ਸਿੰਘ ਭੱਲਾ ਸ੍ਰ.ਸੁਖਵਿੰਦਰ ਸਿੰਘ ਵਾਲੀਆ (ਕਾਲਜ ਚੇਅਰਮੈਨ) ਅਤੇ ਸਹਿਯੋਗੀ ਕਾਲਜ ਮੈਂਬਰ ਇੰਚਾਰਜ਼ ਸ੍ਰ.ਅਮਰਜੀਤ ਸਿੰਘ ਨਾਗਪਾਲ ਅਤੇ ਸ੍ਰ.ਅਮਰਜੀਤ ਸਿੰਘ ਸੱਚਦੇਵਾ ਦੇ ਮਿਲਵਰਤਨ ਨਾਲ ਨਰਸਿੰਗ ਕਾਲਜ ਦੀਆਂ ਪ੍ਰਸ਼ਾਸਨਕ ਨੀਤੀਆਂ ਵਿਚ ਹੋਰ ਵੀ ਸੁਧਾਰ ਲਿਆਉਦਿਆਂ ਕਾਲਜ ਨੂੰ ਵਿਕਾਸ ਦੀਆਂ ਲੀਹਾਂ ਤੇ ਲੈ ਕੇ ਜਾਣਗੇ। ਇਸ ਮੌਕੇ ਸੀ.ਕੇ.ਡੀ ਨਰਸਿੰਗ ਕਾਲਜ ਦੀ ਪ੍ਰਿੰਸੀਪਲ ਮੈਡਮ ਦਰਸ਼ਨ ਕੌਰ ਸੋਹੀ ਅਤੇ ਕਾਲਜ ਸਟਾਫ ਵੱਲੋ ਸ੍ਰ.ਭੱਲਾ ਦਾ ਨਿੱਘਾ ਸੁਆਗਤ ਕਰਦਿਆਂ ਸ਼ੁਭਇੱਛਾਵਾਂ ਦਿੱਤੀਆਂ ਗਈਆਂ।

## ਸੈਂਟਰਲ ਖ਼ਾਲਸਾ ਯਤੀਮਖਾਨਾ ਵਿਖੇ ਮੈਡੀਕਲ ਕੈਂਪ ਆਯੋਜਿਤ




ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਿੱਖੀ-ਸਿਖਿਆ ਦੇ ਪ੍ਰਚਾਰ-ਪ੍ਰਸਾਰ ਦੇ ਨਾਲ-ਨਾਲ ਆਰੰਭ ਕੀਤੇ ਗਏ ਲੋਕ ਭਲਾਈ ਕਾਰਜਾਂ ਹਿੱਤ ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਚੱਲ ਰਹੇ ਸੈਂਟਰਲ ਖ਼ਾਲਸਾ ਯਤੀਮਖਾਨਾ ਵਿਖੇ ਵਰਲਡ ਕੈਂਸਰ ਕੇਅਰ ਦੇ ਸਹਿਯੋਗ ਨਾਲ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਦਾ ਉਦਘਾਟਨ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਵੱਲੋਂ ਕੀਤਾ ਗਿਆ। ਕੈਂਪ ਦੌਰਾਨ ਔਰਤਾਂ ਅਤੇ ਮਰਦਾਂ ਦੇ ਮੂੰਹ ਅਤੇ ਬਲਡ ਦੇ ਕੈਂਸਰ ਦੀ ਜਾਂਚ, ਮੈਮੋਗ੍ਰਾਫੀ ਟੈਸਟ, ਔਰਤਾਂ ਦੇ ਬੱਚੇਦਾਨੀ ਕੈਂਸਰ ਦੀ ਜਾਂਚ ਲਈ ਪੈਪ ਸਮਿਅਰ ਟੈਸਟ, ਪੀ.ਐਸ.ਏ ਟੈਸਟ, ਸੂਗਰ ਅਤੇ ਬਲਡ ਪ੍ਰੈਸ਼ਰ ਦੇ ਟੈਸਟ ਮੁਫ਼ਤ ਕੀਤੇ ਗਏ ਅਤੇ ਲੋੜਵੰਦਾਂ ਨੂੰ ਸੂਗਰ, ਬਲੈਡ ਪ੍ਰੈਸ਼ਰ ਅਤੇ ਆਮ ਬਿਮਾਰੀਆਂ ਸੰਬੰਧੀ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਵਰਲਡ ਕੈਂਸਰ ਕੇਅਰ ਦੇ ਚੇਅਰਮੈਨ ਡਾ.ਕੁਲਵੰਤ ਸਿੰਘ ਧਾਲੀਵਾਲ ਦੇ ਸਹਿਯੋਗ ਨਾਲ ਲਗਾਏ ਗਏ ਇਸ ਮੈਡੀਕਲ ਕੈਪ ਦੌਰਾਨ ਕੈਂਸਰ ਪੈਦਾ ਹੋਣ ਅਤੇ ਫੈਲਣ ਦੇ ਕਾਰਨ, ਇਸ ਦੀ ਰੋਕਥਾਮ ਦੇ ਉਪਾਅ ਅਤੇ ਬਚਣ ਲਈ ਸਾਵਧਾਨੀਆਂ ਆਦਿ ਬਾਰੇ ਮਰੀਜ਼ਾਂ ਨੂੰ ਸਹੀ ਸਲਾਹ ਅਤੇ ਇਲਾਜ ਲਈ ਉਚਿਤ ਮਾਰਗ ਦਰਸ਼ਨ ਕੀਤਾ ਗਿਆ। ਮੈਂਬਰ ਇੰਚਾਰਜ ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਮੋਹਨਜੀਤ ਸਿੰਘ ਭੱਲਾ ਦੀ ਅਗਵਾਈ ਹੇਠ ਚੱਲ ਰਹੇ ਇਸ ਕੈਂਪ ਵਿਚ ਲਗਭਗ 400 ਮਰੀਜਾਂ ਦੇ ਟੈਸਟ ਕੀਤੇ ਗਏ। ਇਸ ਮੌਕੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਨੇ ਕਿਹਾ ਕਿ ਸਿਹਤ ਅਨਮੋਲ ਧੰਨ ਹੈ ਜਿਸਦੀ ਸਾਂਭ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ। ਉਹਨਾਂ ਨੇ ਕਿਹਾ ਕਿ ਇਸ ਲਈ ਭਵਿੱਖ ਵਿਚ ਵੀ ਚੀਫ਼ ਖ਼ਾਲਸਾ ਦੀਵਾਨ ਵੱਲੋਂ ਲੋਕ ਭਲਾਈ ਕਾਰਜਾਂ ਤਹਿਤ ਅਜਿਹੇ ਮੈਡੀਕਲ ਕੈਂਪ ਨਿਰੰਤਰ ਲਗਾਏ ਜਾਣਗੇ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ.ਹਰੀ ਸਿੰਘ, ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਮੋਹਨਜੀਤ ਸਿੰਘ ਭੱਲਾ, ਸ੍ਰ.ਹਰਵਿੰਦਰਪਾਲ ਸਿੰਘ ਚੁੱਘ, ਸ੍ਰ.ਪ੍ਰਦੀਪ ਸਿੰਘ ਵਾਲੀਆ ਅਤੇ ਹੋਰ ਮੈਂਬਰ ਸਾਹਿਬਾਨ ਸਮੇਤ ਸੁਪਰਡੈਂਟ ਸ੍ਰ.ਬਲਬੀਰ ਸਿੰਘ ਸੈਣੀ, ਪ੍ਰੋ.ਜਸਬੀਰ ਸਿੰਘ ਸਾਬਰ, ਡਾ.ਧਰਮਿੰਦਰ ਸਿੰਘ ਢਿੱਲੋਂ, ਡਾ.ਨਵਨੀਤ ਕੌਰ, ਡਾ.ਬਿਪਿਨ, ਡਾ.ਗੁਲਸ਼ਨ ਠਾਕੁਰ, ਡਾ.ਮਨੀਦੀਪ ਸਿੰਘ ਅਤੇ ਡਾਕਟਰੀ ਸਟਾਫ ਦੇ 25 ਮੈਂਬਰ ਹਾਜ਼ਰ ਸਨ।

## ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਰੀਰਕ ਸਿੱਖਿਆ ਅਧਿਆਪਕਾਂ ਲਈ ਸੈਮੀਨਾਰ



ਚੀਫ਼ ਖ਼ਾਲਸਾ ਦੀਵਾਨ ਆਡੀਟੋਰੀਅਮ ਸ੍ਰੀ ਕਲਗੀਧਰ ਵਿਖੇ ਸੀ.ਕੇ.ਡੀ ਸਕੂਲਾਂ ਦੇ ਸਰੀਰਕ ਸਿੱਖਿਆ ਦੇ ਅਧਿਆਪਕਾਂ ਨੂੰ ਸਰਕਾਰ ਅਤੇ ਯੂਨੀਵਰਸਿਟੀ ਦੀਆਂ ਖੇਡਾਂ ਪ੍ਰਤੀ ਨੀਤੀਆਂ ਅਤੇ ਉਸ ਤੋਂ ਵਿਦਿਆਰਥੀਆਂ ਨੂੰ ਹੋਣ ਵਾਲੇ ਵਾਧਿਆਂ ਤੋਂ ਜਾਣੂ ਕਰਵਾਉਣ ਹਿੱਤ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਅਸਿਸਟੈਂਟ ਡਾਇਰੈਕਟਰ, ਫਿਜੀਕਲ ਐਜੂਕੇਸ਼ਨ ਅਤੇ ਸਪੋਰਟਸ, ਗੁਰੂ ਨਾਨਕ ਦੇਵ ਯੂਨੀਵਰਸਿਟੀ ਡਾ.ਕੰਵਰਮਨਦੀਪ ਸਿੰਘ ਮੁੱਖ ਵਕਤਾ ਦੇ ਤੌਰ ਤੇ ਪੁੱਜੇ। ਉਹਨਾਂ ਸੈਮੀਨਾਰ ਦੌਰਾਨ ਅਧਿਆਪਕਾਂ ਨੂੰ ਵੱਖ-ਵੱਖ ਖੇਡਾਂ ਦੀਆਂ ਬਰੀਕੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਹਨਾਂ ਨੇ ਖੇਡ ਅਧਿਆਪਕਾਂ ਨੂੰ ਖੇਡਾਂ ਤੇ ਖਿਡਾਰੀਆਂ ਨੂੰ ਹੋਰ ਬੁਲੰਦਿਆਂ ਤੇ ਲਿਜਾਣ ਲਈ ਵਿਸ਼ੇਸ਼ ਯਤਨ ਕਰਨ ਦੀ ਲੋੜ ਤੇ ਜ਼ੋਰ ਦਿੱਤਾ। ਇਸ ਮੋਕੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਕਿਹਾ ਕਿ ਖੇਡਾਂ ਚੀਫ਼ ਖ਼ਾਲਸਾ ਦੀਵਾਨ ਐਜੂਕੇਸ਼ਨ ਸਿਸਟਮ ਦਾ ਅਭਿੰਨ ਅੰਗ ਹਨ ਜੋ ਕਿ ਵਿਦਿਆਰਥੀ ਨੂੰ ਟੀਮ ਭਾਵਨਾ ਦੇ ਨਾਲ-ਨਾਲ ਅਨੁਸ਼ਾਸਨ ਵਿਚ ਰਹਿਣਾ ਵੀ ਸਿਖਾਉਦੀਆਂ ਹਨ। ਉਹਨਾਂ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਰੀਰਕ ਸਿਖਿਆ ਅਧਿਆਪਕਾਂ ਨੂੰ ਅਕਤੂਬਰ ਵਿਚ ਆਯੋਜਿਤ ਹੋਣ ਜਾ ਰਹੇ ਸੀ.ਕੇ.ਡੀ ਟੂਰਨਾਮੈਂਟਸ ਦੌਰਾਨ ਪੂਰੀ ਇਮਾਨਦਾਰੀ ਅਤੇ ਸਮਰਪਿਤ ਭਾਵਨਾਂ ਨਾਲ ਸੇਵਾਵਾਂ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਮੋਕੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੇ ਵਿਦਿਆਰਥੀ ਜੀਵਨ ਵਿਚ ਖੇਡਾਂ ਦੀ ਮਹੱਤਤਾ ਤੇ ਚਾਨਣਾਂ ਪਾਇਆ। ਡਾਇਰੈਕਟਰ ਸਪੋਰਟਸ ਮਿਸਿਜ਼ ਅੰਮ੍ਰਿਤਪਾਲ ਕੌਰ ਨੇ ਅਧਿਆਪਕਾਂ ਨੂੰ ਖਿਡਾਰੀਆਂ ਦੇ ਬਿਹਤਰ ਪ੍ਰਦਰਸ਼ਨ ਅਤੇ ਅਨੁਸ਼ਾਸਿਤ ਸੀ.ਕੇ.ਡੀ ਟੂਰਨਾਮੈਂਟਸ ਆਯੋਜਨ ਲਈ ਨੁਕਤੇ ਸਾਂਝੇ ਕੀਤੇ। ਅੰਤ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੋਕੇ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵੱਲੋਂ ਡਾ.ਕੰਵਰਮਨਦੀਪ ਸਿੰਘ ਢਿੱਲੋਂ ਨੂੰ ਸਨਮਾਨਿਤ ਕੀਤਾ ਗਿਆ।





## ਜ਼ਿਲ੍ਹਾ ਪੱਧਰੀ ਦੇ ਖੇਡ ਮੁਕਾਬਲਿਆਂ ਵਿੱਚ ਜੀ. ਟੀ. ਰੋਡ ਸਕੂਲ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ





ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ. ਟੀ. ਰੋਡ ਅੰਮ੍ਰਿਤਸਰ ਵਿਖੇ ਡੀ.ਈ.ਓ. ਅੰਮ੍ਰਿਤਸਰ ਸ. ਯੁਗਰਾਜ ਸਿੰਘ ਰੰਧਾਵਾ, ਡੀ. ਐਮ. (ਸਪੋਰਟਸ) ਸ. ਕੁਲਜਿੰਦਰ ਸਿੰਘ ਮੱਲੀ, ਪ੍ਰਿੰਸੀਪਲ/ਡਾਇਰੈਕਟਰ ਡਾ. ਧਰਮਵੀਰ ਸਿੰਘ ਦੀ ਨਿਗਰਾਨੀ ਹੇਠ ਤਿੰਨ ਰੋਜ਼ਾ ਫੈਨਸਿੰਗ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ। ਇਸ ਪ੍ਰਤੀਯੋਗਤਾ ਵਿੱਚ ਜ਼ਿਲ੍ਹੇ ਦੀਆਂ ਕੁੱਲ 23 ਟੀਮਾਂ ਨੇ ਭਾਗ ਲਿਆ। ਸ੍ਰੀ ਗੁਰੂ ਹਰਿਕ੍ਰਿਸ਼ਨ ਸੀ. ਸੈ. ਪਬਲਿਕ ਸਕੂਲ, ਜੀ. ਟੀ. ਰੋਡ, ਅੰਮ੍ਰਿਤਸਰ ਦੇ 26 ਵਿਦਿਆਰਥੀਆਂ ਨੇ ਇਸ ਪ੍ਰਤੀਯੋਗਤਾ ਵਿੱਚ ਅੰਡਰ-14,17, 19 ਵਰਗਾਂ ਵਿੱਚ ਭਾਗ ਲਿਆ। ਇਸ ਟੂਰਨਾਮੈਂਟ ਵਿੱਚ ਸਕੂਲ ਦੇ ਸਾਰੇ ਖਿਡਾਰੀਆਂ ਦਾ ਪ੍ਰਦਰਸ਼ਨ ਬਹੁਤ ਹੀ ਸ਼ਾਨਦਾਰ ਰਿਹਾ। ਜੀ. ਟੀ. ਰੋਡ ਸਕੂਲ ਨੇ ਅੰਡਰ-14,17 ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਅੰਡਰ -19 ਵਿੱਚ ਦੂਜਾ ਸਥਾਨ ਪ੍ਰਾਪਤ ਜਿਸ ਵਿਚ ਦੂਜੇ ਸਥਾਨ ਤੇ ਸਕੂਲ ਦੀ ਆਈ ਟੀਮ ਦੇ ਕੈਪਟਨ ਅਰੁਨਦੀਪ ਸਿੰਘ ਨੇ ਜੇਤੂ ਟਰਾਫੀ ਵਸੂਲ ਕਰਦਿਆਂ ਸਕੂਲ ਦਾ ਮਾਣ ਵਧਾਇਆ। ਫੈਨਸਿੰਗ ਟੂਰਨਾਮੈਂਟ ਦਾ ਇਨਾਮ ਵੰਡ ਸਮਾਗਮ ਸਕੂਲ ਦੇ ਕਲਗੀਧਰ ਆਡੀਟੋਰੀਅਮ ਵਿਖੇ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਚੀਫ਼ ਖ਼ਾਲਸਾ ਦੀਵਾਨ ਅਤੇ ਸਕੂਲ ਮੈਂਬਰ ਇੰਚਾਰਜ ਪ੍ਰੋ. ਹਰੀ ਸਿੰਘ ਜੀ, ਪ੍ਰਿੰਸੀਪਲ/ਡਾਇਰੈਕਟਰ ਡਾ. ਧਰਮਵੀਰ ਸਿੰਘ ਜੀ ਅਤੇ ਖੇਡ ਇੰਚਾਰਜ ਸ. ਦਰਸ਼ਨ ਸਿੰਘ ਜੀ ਨੇ ਮੈਡਲ ਦੇ ਕੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਉਹਨਾਂ ਦੀ ਹੌਂਸਲਾ ਅਫਜਾਈ ਕੀਤੀ । ਇਸ ਮੌਕੇ ਤੇ ਜੀ.ਟੀ. ਰੋਡ ਸਕੂਲ ਦੇ ਖੇਡ ਵਿਭਾਗ ਦੇ ਕੋਚ ਸ੍ਰੀ ਸ਼ਰਦ ਕੁਮਾਰ, ਸ. ਭੁਪਿੰਦਰ ਸਿੰਘ, ਸ੍ਰੀਮਤੀ ਦਲਜੀਤ ਕੌਰ ਅਤੇ ਵੱਡੀ ਗਿਣਤੀ ਵਿੱਚ ਖਿਡਾਰੀ ਅਤੇ ਅਧਿਆਪਕ ਹਾਜ਼ਰ ਸਨ।

## ਸੀ.ਕੇ.ਡੀ. ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੌਜੀ ਦੇ ਨਵੇਂ ਸ਼ੈਸ਼ਨ ਦੀ ਆਰੰਭਤਾ

ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੇ ਸੀ.ਕੇ.ਡੀ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੌਜੀ ਦੇ ਵਿਹੜੇ ਵਿਚ ਨਵੇਂ ਸੈਸ਼ਨ ਦਾ ਆਰੰਪ ਅਰਦਾਸ ਕਰਨ ਉਪਰੰਤ ਕੀਤਾ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਨ ਉਪੰਰਤ ਕਾਲਜ ਵਿਚ ਗੁਰਬਾਣੀ-ਧੁਨਾਂ ਦੀ ਗੂੰਜਾਂ ਨਾਲ ਰੂਹਾਨੀ ਵਾਤਾਵਰਨ ਸਿਰਜਿਆ ਗਿਆ ਅਤੇ ਸੈਂਟਰਲ ਖ਼ਾਲਸਾ ਯਤੀਮਖਾਨਾ ਦੇ ਕੀਰਤਨੀ ਜੱਥੇ ਵੱਲੋਂ ਰੱਬੀ ਬਾਣੀ ਦੀ ਛਹਿਬਰ ਲਗਾਉਂਦਿਆਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਸੀ.ਕੇ.ਡੀ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੌਜੀ ਦੀ ਚੜ੍ਹਦੀ ਕਲਾ ਅਤੇ ਵਿਦਿਆਰਥੀਆਂ ਦੀ ਸਫਲਤਾਵਾਂ ਲਈ ਸਮੂਹ ਸੰਗਤਾਂ ਵੱਲੋਂ ਅਰਦਾਸ ਕੀਤੀ ਗਈ। ਇਸ ਮੌਕੇ ਕਾਲਜ ਪ੍ਰਿੰਸੀਪਲ ਰਾਜੀਵ ਮਹਾਜਨ ਨੇ ਸੰਗਤਾਂ ਨੂੰ ਜੀ ਆਇਆਂ ਆਖਦਿਆਂ ਸੀ.ਕੇ.ਡੀ ਇੰਸਟੀਚਿਊਟ ਦੀਆਂ ਵਿਦਿਅਕ ਅਤੇ ਪਲੇਸਮੈਂਟ ਖੇਤਰਾਂ ਵਿਚ ਮਾਰੀਆਂ ਮੱਲਾਂ ਬਾਬਤ ਜਾਣਕਾਰੀ ਸਾਂਝੀ ਕੀਤੀ। ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਪੁੱਜੇ ਚੀਫ਼ ਖ਼ਾਲਸਾ ਦੀਵਾਨ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਵਿਦਿਆਰਥੀਆਂ ਨੂੰ ਮਿਹਨਤ ਅਤੇ ਲਗਨ ਨਾਲ ਚੰਗੇ ਨੰਬਰ ਲੈ ਕੇ ਉਨਤੀ ਦੀਆ ਸ਼ਿਖਰਾਂ ਤੇ ਪੁੱਜਣ ਲਈ ਸੁਭਕਾਮਨਾਵਾਂ ਦਿੱਤੀਆਂ। ਅੰਤ ਵਿੱਚ ਮੈਂਬਰ ਇੰਚਾਰਜ ਡਾ.ਤਰਵਿੰਦਰ ਸਿੰਘ ਚਾਹਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਡਾ.ਤਰਵਿੰਦਰ ਸਿੰਘ ਚਾਹਲ, ਸ੍ਰ.ਪ੍ਰਦੀਪ ਸਿੰਘ ਵਾਲੀਆ, ਪ੍ਰਿੰਸੀਪਲ ਸ੍ਰੀ ਰਾਜੀਵ ਮਹਾਜਨ, ਕਾਲਜ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ।

## ਤਰਨਤਾਰਨ ਸਕੂਲ ਵਿਚ ਮਿਸ਼ਨ ਹਰਿਆਲੀ





ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨਤਾਰਨ ਵਿਖੇ ਕਰਵਾਏ ਗਏ ਮਿਸ਼ਨ ਹਰਿਆਲੀ-2022 ਵਿਚ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਆਪਣੇ ਮਾਤਾ-ਪਿਤਾ ਦੀ ਦੇਖ-ਰੇਖ ਹੇਠ ਆਪਦੇ ਘਰਾਂ ਅਤੇ ਆਲੇ-ਦੁਆਲੇ ਦੇ ਬੂਟੇ ਲਗਾਏ 10ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਘਰਾਂ ਵਿੱਚ ਬੂਟੇ ਲਗਾਏ ਅਤੇ ਸਕੂਲ ਵਿਚ 1000 ਤੋਂ ਵੱਧ ਬੂਟੇ ਅਧਿਆਪਕਾਂ ਵੱਲੋਂ ਸਕੂਲ ਦੇ ਵਟਸਐਪ ਗਰੁੱਪਾਂ ਵਿਚ ਵੀਡਿਓ ਅਤੇ ਤਸਵੀਰਾਂ ਵੀ ਭੇਜੀਆਂ ਗਈਆਂ। ਇਸ ਮੌਕੇ ਸਕੂਲ ਦੇ ਪ੍ਰਧਾਨ ਲੋਕਲ ਕਮੇਟੀ ਅਤੇ ਮੈਂਬਰ ਹਿੰਚਾਰਜ ਸ੍ਰ.ਹਰਜੀਤ ਸਿੰਘ, ਮੀਤ ਪ੍ਰਧਾਨ ਲੋਕਲ ਕਮੇਟੀ ਅਤੇ ਮੈਂਬਰ ਇੰਚਾਰਜ ਸ੍ਰ.ਗੁਰਿੰਦਰ ਸਿੰਘ ਹਾਜ਼ਰ ਸਲ। ਉਨ੍ਹਾਂ ਨੇ ਵਿਸ਼ਵ ਰਿਕਾਰਡ ਬਣਾਉਣ ਵਿਚ ਵਿਦਿਆਰਥੀਆਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਰਣਜੀਤ ਕੌਰ ਭਾਟੀਆ ਨੇ ਕਿਹਾ ਕਿ ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ਼ ਵੱਲੋਂ ਇਹ ਸਭ ਤੋਂ ਵੱਡੀ ਰੁੱਖ ਲਗਾਉਣ ਦੀ ਮੁਹਿੰਮ ਹੈ।

## ਮਿਸ਼ਨ ਹਰਿਆਲੀ 2022 ਤਹਿਤ ਝਬਾਲ ਸਕੂਲ ਬੱਚਿਆਂ ਵੱਲੋਂ ਲਗਾਏ ਗਏ ਪੌਦੇ।




ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਸਕੂਲ ਦੇ ਪ੍ਰਿੰਸੀਪਲ ਉਰਮਿੰਦਰ ਕੌਰ ਦੀ ਯੋਗ ਰਹਿਨੁਮਾਈ ਹੇਠ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਚਲਾਈ ਮੁਹਿੰਮ ਮਿਸ਼ਨ ਹਰਿਆਲੀ 2022 ਤਹਿਤ ਸਕੂਲ ਦੇ ਬੱਚਿਆਂ ਵੱਲੋਂ ਸਕੂਲ ਦੇ ਵਿਹੜੇ ਵਿੱਚ ਪੌਦੇ ਲਗਾ ਕੇ ਉਹਨਾਂ ਦੀ ਦੇਖਭਾਲ ਦਾ ਪ੍ਰਣ ਲਿਆ ਗਿਆ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਨੇ ਬੱਚਿਆਂ ਨੂੰ ਸਮਝਾਉਂਦਿਆ ਹੋਇਆ ਕਿਹਾ ਕਿ ਰੁੱਖ ਸਾਡੇ ਪ੍ਰਾਣ ਦਾਤਾ ਹਨ ਇਸ ਲਈ ਸਾਨੂੰ ਇਨ੍ਹਾ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ ਸਗੋਂ ਇਹਨਾਂ ਦੀ ਰੱਖਿਆ ਕਰਨੀ ਚਾਹੀਦੀ ਹੈ ਕਿਉਂਕਿ ਜੇ ਰੁੱਖ ਨਹੀਂ ਤਾਂ ਮਨੁੱਖ ਨਹੀਂ।

## ਦੀਵਾਨ ਦੇ ਸਕੂਲ ਵਲੋਂ ਗੁਰਦੁਆਰਾ ਸ੍ਰੀ ਪਲਾਹ ਸਾਹਿਬ ਦਾ ਜੋੜ ਮੇਲਾ



ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸਬੰਧਿਤ ਇਤਿਹਾਸਕ ਗੁਰਦੁਆਰਾ ਪਲਾਹ ਸਾਹਿਬ ਵਿਖੇ ਸਲਾਨਾ ਜੋੜ ਮੇਲਾ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਫਰੈਂਡਜ ਐਵੀਨਿਉ, ਏਅਰ ਪੋਰਟ ਰੋਡ ਦੇ ਵਿਦਿਆਰਥੀਆਂ ਵਲੋਂ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਰੁਪਿੰਦਰ ਕੌਰ ਗਰੇਵਾਲ, ਸਮੂਹ ਸਟਾਫ ਅਤੇ ਬੱਚੇ ਸ਼ਾਮਿਲ ਸਨ। ਸਕੂਲ ਦੀ ਗਤਕਾ ਟੀਮ ਨੇ ਆਪਣੀਆਂ ਕਲਾਂਵਾਂ ਦਾ ਪ੍ਰਦਰਸ਼ਨ ਕੀਤਾ ਅਤੇ ਸ਼ਬਦ ਟੀਮ ਨੇ ਸ਼ਬਦ ਦੇ ਗਾਇਨ ਕਰਕੇ ਮਾਹੌਲ ਨੂੰ ਅਧਿਆਤਮਕ ਰੰਗ ਵਿੱਚ ਰੰਗ ਦਿੱਤਾ। ਬੱਚਿਆਂ ਨੇ ਨਗਰ ਕੀਰਤਨ ਦੇ ਰੂਪ ਵਿਚ ਸਕੂਲ ਵੱਲੋਂ ਗੁਰਦੁਆਰਾ ਪਲਾਹ ਸਾਹਿਬ ਵਿਖੇ ਪਹੁੰਚ ਕੇ ਮੱਥਾ ਟੇਕਿਆ, ਸ਼ਬਦ ਕੀਰਤਨ ਸਰਵਣ ਕਰਨ ਉਪਰੰਤ ਲੰਗਰ ਛੱਕਿਆ ਅਤੇ ਪ੍ਰਦਰਸ਼ਨੀ ਦੇਖੀ। ਪ੍ਰਿੰਸੀਪਲ ਮੈਡਮ ਰੁਪਿੰਦਰ ਕੌਰ ਗਰੇਵਾਲ ਨੇ ਬੱਚਿਆਂ ਨੂੰ ਗੁਰਦੁਆਰੇ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਉਹਨਾਂ ਇਹ ਵੀ ਦੱਸਿਆ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਧਾਰਮਿਕ, ਸਮਾਜਿਕ ਅਤੇ ਨੈਤਿਕ ਖੇਤਰਾਂ ਵਿਚ ਵੀ ਵਿਕਸਿਤ ਕਰਨਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਨਗਰ ਕੀਰਤਨ ਇਕ ਸਫਲ ਕਦਮ ਹੈ।

## ਡਾ. ਨਿੱਜਰ ਨੇ ਰਲੀਜ਼ ਕੀਤਾ ਖ਼ਾਲਸਾ ਐਡਵੋਕੇਟ ਦਾ ਵਿਸ਼ੇਸ਼ ਅੰਕ



ਭਾਈ ਵੀਰ ਸਿੰਘ ਜੀ ਵੱਲੋਂ, ਆਰੰਭ ਕੀਤੇ ਚੀਫ਼ ਖ਼ਾਲਸਾ ਦੀਵਾਨ ਦੇ ਸਾਲ 1903 ਤੋਂ ਪ੍ਰਕਾਸ਼ਤ ਹੋ ਰਹੇ ਮੁੱਖ ਬੁਲਾਰੇ ਖ਼ਾਲਸਾ ਐਡਵੋਕੇਟ ਦਾ 109ਵਾਂ ਸਤੰਬਰ 2022 ਦਾ ਵਿਸ਼ੇਸ਼ ਅੰਕ ਦੀਵਾਨ ਦੇ ਮੁੱਖ ਦਫ਼ਤਰ ਵਿਚ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਕੈਬਨਿਟ ਮੰਤਰੀ ਪੰਜਾਬ ਸਰਕਾਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਮੈਂਬਰਜ਼ ਪ੍ਰੋ.ਟੀ.ਐਸ. ਚਾਹਲ, ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਰਮਨੀਕ ਸਿੰਘ ਫਰੀਡਮ, ਸ੍ਰੀਮਤੀ ਅੰਮ੍ਰਿਤਪਾਲ ਕੌਰ ਡਾਇਰੈਕਟਰ ਸਪੋਰਟਸ ਆਦਿ ਵਲੋਂ ਰਲੀਜ਼ ਕੀਤਾ ਗਿਆ। ਪ੍ਰਸਿੱਧ ਸਿੱਖ ਚਿੰਤਕ ਡਾ.ਜਸਬੀਰ ਸਿੰਘ ਸਾਬਰ ਵਲੋਂ ਸੰਪਾਦਤ ਇਹ ਵਿਸ਼ੇਸ਼ ਅੰਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 418ਵੇਂ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ।





## ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਸ੍ਰ.ਪੁਰੇਵਾਲ ਜਾ ਬਿਰਾਜੇ ਗੁਰੂ ਚਰਨਾਂ ਵਿਚ

ਸਿੱਖ ਜਗਤ ਨੂੰ ਸਮਕਾਲ ਦੀਆਂ ਧਾਰਮਿਕ ਤੇ ਸਮਾਜਿਕ ਲੋੜਾਂ ਸਨਮੁੱਖ ਕਠਨ ਤਪਸਿਆ ਅਤੇ ਨਿਸ਼ਕਾਮ ਭਾਵਨਾ ਸਹਿਤ ਨਾਨਕਸ਼ਾਹੀ ਕੈਲੰਡਰ ਤਿਆਰ ਕਰਕੇ ਦੇਣ ਵਾਲੇ ਸ੍ਰ.ਪਾਲ ਸਿੰਘ ਪੁਰੇਵਾਲ ਪਿਛਲੇ ਦਿਨੀ 22 ਸਤੰਬਰ ਨੂੰ ਆਪਣੀ ਸੰਸਾਰਕ ਯਾਤਰਾ ਸੰਪੂਰਨ ਕਰਦਿਆਂ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਕਈ ਸਾਲਾਂ ਦੀ ਲੰਬੀ ਤੇ ਕਰੜੀ ਮਿਹਨਤ ਨਾਲ ਤਿਆਰ ਕੀਤੇ ਸ੍ਰ.ਪੁਰੇਵਾਲ ਦੇ ਨਾਨਕਸ਼ਾਹੀ ਕੈਲੰਡਰ ਨੂੰ ਸਾਲ 2003 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪ੍ਰਵਾਨ ਕਰ ਲਿਆ ਗਿਆ ਸੀ ਪਰ ਬਾਅਦ ਵਿਚ ਕੁੱਝ ਕਾਰਨਾਂ ਕਰਕੇ ਇਸਨੂੰ ਅਪ੍ਰਵਾਨ ਕਰ ਦਿੱਤਾ ਗਿਆ।

ਸਾਲ 1931-32 ਦੇ ਨੇੜੇ ਪੰਜਾਬ ਦੇ ਜੰਮਪਲ ਸ੍ਰ.ਪਾਲ ਸਿੰਘ ਪੁਰੇਵਾਲ ਮੈਥ ਦੇ ਅਧਿਆਪਕ ਸਨ ਜੋ ਸਾਲ 1965 ਵਿਚ ਪਹਿਲਾਂ ਯੂ.ਕੇ ਅਤੇ ਫਿਰ ਉਥੋਂ ਕੈਨੇਡਾ ਵਿਚ ਬਤੌਰ ਇੰਜੀਨੀਅਰ ਕਾਰਜਸ਼ੀਲ ਰਹੇ। ਦੇਸ਼ ਵਿਦੇਸ਼ ਤੋਂ ਉਘੇ ਸਨਮਾਨ ਪ੍ਰਾਪਤ ਕਰਨ ਵਾਲੇ ਸ੍ਰ.ਪੁਰੇਵਾਲ 90 ਸਾਲ ਦੀ ਉਮਰ ਭੋਗਦਿਆ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ।

## ਨਿਊਜ਼ੀਲੈਂਡ ਵਿਚ ਦਸਤਾਰਧਾਰੀ ਬੱਚੀ ਨੇ ਜਿੱਤੀ ਚੋਣ

ਸਮੂਹ ਸਿੱਖ ਜਗਤ ਲਈ ਮਾਣ ਵਾਲੀ ਗਲ ਹੈ ਕਿ ਵਿਦੇਸ਼ ਵਿਚ ਰਹਿੰਦਿਆਂ ਸਿੱਖੀ ਸਰੂਪ ਵਾਲੀ ਹੋਣਹਾਰ ਬੱਚੀ ਜਪਨ ਕੌਰ ਨੇ ਨਿਊਜ਼ੀਲੈਂਡ ਦੇ ਵੈਸਟਲੇਕ ਗਰਲਜ਼ ਹਾਈ ਸਕੂਲ ਨੋਰਸ ਸ਼ੋਰ ਵਿਚ ਸਕੂਲ ਬੋਰਡ ਮੈਂਬਰ ਦੀ ਚੋਣ ਜਿਤ ਕੇ ਸਿੱਖੀ ਸਰੂਪ ਦੀ ਸ਼ਾਨ ਵਧਾਈ ਹੈ। ਵਿਸ਼ੇਸ਼ਤਾ ਇਹ ਕਿ ਇਸ ਸਕੂਲ ਵਿਚ ਪੜ੍ਹਨ ਵਾਲੇ 2200 ਬੱਚਿਆਂ ਵਿਚ ਕੇਵਲ 3 ਹੀ ਪੰਜਾਬੀ ਬਚੀਆਂ ਹਨ। ਚਹੁੰਕੋਨੀ ਮੁਕਾਬਲੇ ਵਿਚ 47 ਫੀਸਦੀ ਤੋਂ ਵੀ ਵੱਧ ਵੋਟਾਂ ਪ੍ਰਾਪਤ ਕਰਨ ਵਾਲੀ ਜੇਤੂ ਜਪਨ ਕੌਰ ਨੇ ਸਥਾਨਕ ਸਹਿਪਾਠੀਆਂ ਦਾ ਵਿਸ਼ਵਾਸ ਪ੍ਰਾਪਤ ਕਰਕੇ ਇਤਿਹਾਸ ਸਿਰਜਿਆ ਹੈ। ਗਿਆਰਵੇਂ ਸਾਲ ਵਿਚ ਪੜ੍ਹਨ ਵਾਲੀ ਜਪਨ ਕੌਰ ਦੇ ਪਿਤਾ ਸ੍ਰ.ਕਰਮਜੀਤ ਸਿੰਘ ਸਥਾਨਕ ਗੁਰੂਘਰ ਦੇ ਮੁੱਖ ਪ੍ਰਬੰਧਕ ਹਨ। ਵਿਸ਼ਵ ਦੀਆਂ ਪ੍ਰਸਿੱਧ ਸੰਸਥਾਵਾਂ ਵਲੋਂ ਬੀਬੀ ਜਪਨ ਕੌਰ ਅਤੇ ਉਨ੍ਹਾਂ ਦੇ ਪਿਤਾ ਸ੍ਰ.ਕਰਮਜੀਤ ਸਿੰਘ ਨੂੰ ਇਸ ਸਫਲਤਾ ਲਈ ਮੁਬਾਰਕਾਂ ਦਿੱਤੀਆਂ ਜਾ ਰਹੀਆਂ ਹਨ।

## ਅਮਰੀਕੀ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੇ ਸਜਾਈਆਂ ਦਸਤਾਰਾਂ



ਸਿੱਖ ਧਰਮ ਦੀ ਵਿਲੱਖਣਤਾ ਨੂੰ ਦਰਸਾਉਣ ਅਤੇ ਸਿੱਖ ਸਭਿਆਚਾਰ ਦੇ ਗੌਰਵਮਈ ਵਿਰਸੇ ਤੋਂ ਜਾਣੂੰ ਕਰਾਉਣ ਲਈ ਇਕ ਪ੍ਰੋਗਰਾਮ ਅਮਰੀਕਾ ਦੇ ਓਹਾਈਓ ਸੂਬੇ ਦੀ ਰਾਈਟ ਸਟੇਟ ਯੂਨੀਵਰਸਿਟੀ, ਡੇਟਨ ਵਿਖੇ ਸਿੱਖਜ਼ ਇਨ ਅਮਰੀਕਾ ਵੱਲੋਂ ਕੀਤਾ ਗਿਆ। ਇਸ ਯੂਨੀਵਰਸਿਟੀ ਸਾਲ 1979 ਤੋਂ ਕੰਮ ਕਰ ਰਹੇ ਪ੍ਰੋਫੈਸਰ ਡਾ.ਕੁਲਦੀਪ ਸਿੰਘ ਰਤਨ ਨੇ ਕਿਹਾ ਕਿ ਅਮਰੀਕਾ ਵਿਚ 11 ਸਤੰਬਰ 2001 (9/11) ਦੇ ਹਮਲੇ ਤੋਂ ਬਾਅਦ ਦਸਤਾਰਧਾਰੀ ਸਿੱਖਾਂ ਹਰ ਟੀ.ਵੀ ਚੈਨਲ ਵੱਲੋਂ ਓਸਾਮਾ ਬਿਨ ਲਾਦੇਨ ਦੀ ਪੱਗ ਅਤੇ ਦਾੜ੍ਹੀ ਵਾਲੀਆਂ ਤਸਵੀਰਾਂ ਨੂੰ ਦਿਖਾਇਆ ਜਾ ਰਿਹਾ ਸੀ ਜਿਸ ਕਾਰਨ 9/11 ਤੋਂ ਬਾਅਦ ਸਾਡੇ ਬਾਰੇ ਲੋਕਾਂ ਦਾ ਨਜ਼ਰੀਆ ਅਮਰੀਕਾ ਵਿਚ ਥੋੜ੍ਹਾ ਬਦਲ ਗਿਆ ਸੀ। ਇਹੀ ਕਾਰਨ ਹੈ ਕਿ ਸਿੱਖਾਂ ਪ੍ਰਤੀ ਜਾਗਰੁਕਤਾ ਪੈਦਾ ਕਰਨ ਲਈ ਅਜਿਹੇ ਪ੍ਰੋਗਰਾਮਾਂ ਕਰਵਾਉਣਾ ਜ਼ਰੂਰੀ ਹੋ ਗਿਆ ਹੈ। ਇਸ ਪ੍ਰੋਗਰਾਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ 10 ਗੁਰੂ ਸਾਹਿਬਾਨ, ਸਿੱਖ ਕਕਾਰਾਂ (ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ) ਦਸਤਾਰ, ਲੰਗਰ, ਅਮਰੀਕਾ ਵਿਚ ਸਿੱਖਾਂ ਦੀ ਆਮਦ ਆਦਿ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਮਹਿਮਾਨਾ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ ਗਏ।

ਯੂਨੀਵਰਸਿਟੀ ਵਿਖੇ ਇੰਜੀਨੀਅਰਿੰਗ ਵਿਚ ਮਾਸਟਰਜ਼ ਕਰ ਰਹੇ ਵਿਦਿਆਰਥੀ ਹਰਰੂਪ ਸਿੰਘ ਅਤੇ ਹਰਸ਼ਦੀਪ ਸਿੰਘ ਨੇ ਕਿਹਾ ਕਿ ਇਸ ਸਮਾਗਮ ਨੇ ਸਾਡੀ ਯੂਨੀਵਰਸਿਟੀ ਦੇ ਭਾਈਚਾਰੇ ਨੂੰ ਇੱਕਠੇ ਹੋਣ, ਸਿੱਖ ਧਰਮ ਬਾਰੇ ਹੋਰ ਜਾਣਨ, ਸਮਝਣ ਅਤੇ ਸਿੱਖ ਸਭਿਆਚਾਰ ਦੇ ਗੌਰਵਮਈ ਵਿਰਸੇ ਤੋਂ ਜਾਣੂੰ ਕਰਾਉਣ ਲਈ ਇਕ ਵਧੀਆ ਮੌਕਾ ਪ੍ਰਦਾਨ ਕੀਤਾ ਹੈ। ਆਏ ਹੋਏ ਮਹਿਮਾਨਾਂ ਨੇ ਜਿਨ੍ਹਾਂ ਵਿਚ ਵੱਖ-ਵੱਖ ਮੁਲਕਾਂ ਦੇ ਵਿਦਿਆਰਥੀ ਵੀ ਸ਼ਾਮਲ ਸਨ ਜਿਨ੍ਹਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਦਸਤਾਰ ਬੰਨ੍ਹਣ ਦਾ ਵੀ ਪ੍ਰਾਪਤ ਅਨੁਭਵ ਕੀਤਾ।

## ਝਬਾਲ ਸਕੂਲ ਵਿਖੇ ਮਨਾਇਆ ਗਿਆ ਅਧਿਆਪਕ ਦਿਵਸ

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਝਬਾਲ ਵਿਖੇ ਅਧਿਆਪਕ ਦਿਵਸ ਮਨਾਇਆ ਗਿਆ। ਜਿਸ ਵਿਚ ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਮਨਜੀਤ ਸਿੰਘ ਢਿੱਲੋਂ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਜਤਿੰਦਰਬੀਰ ਸਿੰਘ, ਸ੍ਰ.ਰਮਣੀਕ ਸਿੰਘ ਫਰੀਡਮ ਜੀ ਉਚੇਚੇ ਤੌਰ ਤੇ ਹਾਜ਼ਰ ਹੋਏ। ਇਸ ਮੌਕੇ ਤੇ ਸ੍ਰ.ਰਮਣੀਕ ਸਿੰਘ ਫਰੀਡਮ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਕ ਬੱਚੇ ਦੇ ਜੀਵਨ ਵਿਚ ਅਧਿਆਪਕ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਇਕ ਯੋਗ ਅਧਿਆਪਕ ਉਹ ਹੈ ਜਿਸ ਦੇ ਅੰਦਰ ਵਿਦਿਆਰਥੀ ਜਿਉਂਦਾ ਰਹਿੰਦਾ ਹੈ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਉਰਮਿੰਦਰ ਕੌਰ ਨੇ ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਜੋਕੇ ਸਮੇਂ ਵਿਚ ਅਧਿਆਪਕ ਦੀ ਪਰਿਭਾਸ਼ਾ ਬਦਲ ਗਈ ਹੈ। ਅੱਜ ਦਾ ਅਧਿਆਪਕ ਅਧਿਆਪਨ ਦੀਆਂ ਨਵੀਆਂ ਤਕਨੀਕਾਂ ਅਤੇ ਗਿਆਨ ਨਾਲ ਭਰਪੂਰ ਹੋਵੇ ਤਾਂ ਹੀ ਉਹ ਆਪਣੇ ਵਿਦਿਆਰਥੀਆਂ ਨੂੰ ਸਮੇਂ ਦੀ ਲੋੜ ਅਨੁਸਾਰ ਸਿਖਿਅਤ ਕਰ ਸਕਦਾ ਹੈ ਅਤੇ ਨਾਲ ਹੀ ਉਹਨਾਂ ਨੇ ਅਧਿਆਪਕ ਅਤੇ ਵਿਦਿਆਰਥੀਆਂ ਵਿੱਚ ਸੁਹਿਰਦ ਅਤੇ ਸੁਦ੍ਰਿੜ ਰਿਸ਼ਤੇ ਸਥਾਪਿਤ ਕਰਨ ਤੇ ਜ਼ੋਰ ਦਿੱਤਾ। ਸਟੇਜ ਸੈਕਟਰੀ ਦੀ ਭੂਮਿਕਾ ਮੈਡਮ ਹਰਪਿੰਦਰ ਕੌਰ ਅਤੇ ਵਿਦਿਆਰਥੀਆਂ ਤਰਨਪ੍ਰੀਤ ਕੌਰ ਅਤੇ ਅੰਮ੍ਰਿਤਪਾਲ ਸਿੰਘ ਬਾਰ੍ਹਵੀਂ ਗੁਰਲੀਨ ਕੌਰ ਅੱਠਵੀਂ ਜਮਾਤ ਵੱਲੋਂ ਬਾਖ਼ੂਬੀ ਨਿਭਾਈ ਗਈ।






*The Management & Members of Chief Khalsa Diwan (Local Committee) Ludhiana of*

# SRI GURU HARKRISHAN PUBLIC SCHOOL

**Durgi Road, Model Town Ext-D, Ludhiana**

## Office Bearer

| | |
|---|---|
| Jathedar Assa Singh | Patron |
| S. Amarjit Singh Banga | President |
| S. Amarjit Singh Nankana Sahib | General Secretary |
| S. Harbhajan Singh Banga | Vice President |
| S. Kuldeep Singh Chhatwal | Cashier |
| S. Harinderpal Singh | Joint Secretary |
| S. Malwinder Singh | Chairman Building Committee |
| S. Gian Singh | Advisor Local Comm. CKDCS |
| S. Gurbachan Singh Pahwa | Legal Advisor |
| S. Amarjit Singh Dua | Advisor Education |

## Executive Member

| | |
|---|---|
| S. Manpreet Singh Chadha | S.Jagmohan Singh Dhingra |
| S.Sukhwant Singh Gulati | S. Jaswinder Pal Singh |
| S. Surinder Singh Batra | S. Manjit Singh Makkar |
| S.Gurpreet Singh Batra | S. Harindermohan Singh |
| S. Gurpreet Singh Banga | S. Pritpal Singh Chawla |
| S. Harjit Singh Narula | S. Manjit Singh Madanpotra |

## Member

| | |
|---|---|
| S.Harneet Singh | S.Ishpal Singh Chawla |
| S.Baljit Singh | S.Jaspal Singh Chug |
| S.Charanjit Singh Makkar | S.Joginder Singh |
| S.Gurjeet Singh Romana | S.Karundeep Singh Chawla |
| Dr. Harbans Singh | S.Manmeet Singh |
| S. Hargun Singh | S. Sukbhir Singh |
| S. Harmeet Singh | S. Kawalnain Singh |
| S. Harminder Singh | S. Paramjit Singh Khalsa |
| S.Harminder Singh | Dr. Raghbir Singh Aulakh |
| S.Harpreet Singh Dua | S. Makhan Singh Khurana |
| S.Harjit Singh Dang | S.Kamaljit Singh Advocate |
| S.Inder Singh Chawla | S. Harminder Singh Talwar |
| S. Harpreet Singh Banga | S.Manmohan Singh Modhirate |
| S.Harpreet Singh | S.Maninder Singh |
| S.Harwinder Pal Singh | S. Manjit Singh Lamba |
| S. Inderpal Singh Dang | S. Prabhjot Singh |
| S. Inderpal Singh Advocate | S. Randeep Singh |
| S.Inderjeet Singh | S. Surjit Singh Makkar |
| S. Inderpal Singh | S. Ravneet Singh |
| S. Satnam Singh Taluja | S. Jaspal Singh Shahpuri |
| S. Tejinderpal Singh | S. Kawalbir Singh Kuckreja |
| S. Amarjit Singh | S. Parvinder Singh |

Postal No. L-I/PB-ASR/0220/2022-2024

*Chief Khalsa Diwan Local Committee, Ludhiana*

# We Work Together Under Chief Khalsa Diwan



**S. Sewa Singh JI**
(Founder President)
Chief Khalsa Diwan,
Local Committee



**S. Amarjit Singh Banga**
President Chief Khalsa Diwan
Local Committee (Ldh.)



**Jathedar Assa Singh**
Parton
Local Committee (Ldh.)



**S. Amarjit Singh**
Gen Sec. Chief Khalsa Diwan,
Local Committee (Ldh.)



**S. Harbhjan S. Banga**
Vice President



**S. Gian Singh**
(Advisor-CKD, Ldh)



**S. Malvinder Singh**
Chairman
Building Committee

Regd-RNI-64/57 ISSN - 2454-6488
ਪ੍ਰਕਾਸ਼ਕ ਤੇ ਛਾਪਕ ਅਜੀਤ ਸਿੰਘ ਬਸਰਾ ਨੇ ਪ੍ਰਿੰਟਵੈਲ ਅੰਮ੍ਰਿਤਸਰ ਤੋਂ ਛਪਵਾ ਕੇ ਖ਼ਾਲਸਾ ਟ੍ਰੈਕਟ ਸੁਸਾਇਟੀ, ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ 10-10-2022 ਨੂੰ ਜਾਰੀ ਕੀਤਾ ।